This powerful boon from one of the powerful deities, Lord Brahma, the creator of the universe, seemed like a ticket to invincibility, however, this boon had a critical loophole.Lord Brahma granted him the wish for immortality but with specific conditions. Hiranyakashipu could not be killed during the day or night, indoors or outdoors, by man or beast, using any weapon, and not on land, water, or in the air.This made him seemingly indestructible, as there was no circumstance that met all these conditions at once.Yet, this was what left him vulnerable.

When Lord Vishnu took the form of Narasimha, a half-man, half-lion, he emerged at twilight (neither day nor night), placed Hiranyakashipu on his lap (neither land nor air), and using his claws (neither man nor beast), he defeated the demon king.Even after the demonís demise, Narasimha remained furious, and attempts by Lord Brahma, Lord Shiva, and Goddess Lakshmi to pacify him failed. Finally, Prahlada approached Narasimha and touched his feet, calming him down.

Pleased with Prahladaís devotion, Narasimha made him the king and instructed him to rule with righteousness and devotion. Prahlada humbly requested to be free from desires, and Narasimha granted his wish.

**Significance and Impact of the Narasimha Avatar**

More than the belief that truth always triumphs, as a child, what stood out the most to me about the story is that God is always just and powerful and heeding. Despite the penance that Hiranyakashipu undertook and receiving a boon that is supposed to make him as good as immortal, he ultimately faces his downfall.Lord Vishnuís Narasimha avatar proves this and that he would always protect dharma and appear before those in need.

The story starts with Hiranyakashipu attaining power and wielding it to make all three worlds under his control and worship him.However, as fate would have it, the one person he could not get echoing his wishes was his only son, who remained a devotee of Lord Vishnu.ThoughHiranyakashipu increasingly turns to violent means of getting his son to turn and later almost kills him, Hiranyakashipu fails.

In an attempt to end Prahladaís devotion, Hiranyakashipu challenged him to show where his god resided.To this, Prahlada calmly pointed to a pillar, indicating that Vishnu was everywhere.Enraged, Hiranyakashipu strikes the pillar with his mace, and out emerged Narasimha, with a lionís head and a human body.Narasimha grabbed Hiranyakashipu and carried him to the threshold, which was neither indoors nor outdoors, and placed him on his lap, which wasnít land, water, or air. As twilight approached, a time that met neither day nor night, Narasimhaís sharp claws, which were neither man nor beast, tore apart Hiranyakashipu.

In his final moments, Hiranyakashipu realized that Lord Vishnuís avatar managed to kill him without breaking any of the demands of his boon. Narasimhaís wrathful form upheld dharma and protected Prahlada, emphasizing the idea that when evil threatens, the divine will always find a way to restore balance and protect those who have faith.

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263 | Website: www.preetnama.com Email preetnamausa@gmail.com | 26 JULY TO 01 AUGUST, 2024


# Energized IOC.USA expanding its outreach - Appoints new Secretary, after establishing two new Chapters





New York. At an animated gathering of over seventy Congress Party leaders and supporters, in East Brunswick, New Jersey, Mr. Jaswinder Singh Kangwas appointed as a Secretary of the Indian Overseas Congress, USA. He is assigned to cover the adjoining states to recruit members.

Upon handing him his letter of appointment President Mohinder Singh Gilzian congratulated Mr. Jaswinder Singh Kang, a prominent member of the Indian community and extended him his best wishes. In his speech, President Mohinder Singh Gilzianwelcomed the audience and explained how rapidly Shri Rahul Gandhi ji has become a favorite candidate of millions upon million people and now stands head and shoulder above all the leaders who poses a big threat to Prime Minister Modi. He encouraged everyone to stand united and work hard and prepare for the good days ahead in India under the Congress Party.

Secretary General Harbachan Singh explained that the Congress Party does not merely criticize Modi ji and his government for broken promises and innumerous failures, but also the Congress Party has a solid plan - its comprehensive manifesto - a development strategy based upon its long history of experience and professional literacy. It addresses all areas of essential needs and aspirations of the people requiring attention, priority national development and making India a great sovereign country once again. Sri Rahul Gandhi has the best pulse of the people gathered from the two gigantic "Yatras" that he undertook and today stands tall as the boldest and the most dynamic leader in India. Vice President John Joseph thanked the people for their interest in joining the party and encouraged each person to recruit more members and establish teams to work in unison. Vice President Baldev Singh Randhawa in his speech noted that Jaswinder Singh Kang brings new ideas and vision which will enrich IOC USA and lend his shoulder to uplift its role in Indian politics. He welcomed Mr. Kang it in the Organization.New Jersey Chapter President Peter Kothari felicitated Mr. Kang ji and spoke at length and traced the glory of the Congress Party and explained the need for unity, hard-work, consistency and the need to work in harmonywith the guidelines of the Party and following the law - a recipe for success. Several other leaders includingGurjinder Singh, Jagpal Singh, Nirmal Singh, Mukesh Maidh, BalharSindhar, Mahesh Patel, and Ms.Pamposh Shaikh also addressed the gathering. They manifested their commitment to work as a team and dedicate the requisite support and resources such as time, social media involvement, and physical presence back home during the elections time. They acknowledged the recent successes of the INDIA alliance which has sharply motivated and regenerated their enthusiasm, resolve and trust. Jaswinder Singh thanked Mohinder Singh Gilzianji and Harbachan Singh ji and other IOC.USA leaders present and appreciated the guests for their energy and commitment to work tirelessly to strengthen the Party.

# The Divine Roar :Narasimha Avatar of Lord Vishnu

**Narasimha Iconography, Worship and Teachings**

Narasimha is a unique incarnation of Lord Vishnu with a lionís head and human body and is often depicted with a fearsome appearance in Hindu scriptures.

**Methods of Worshiping Narasimha for Courage and Strength**

Like several other deities, Narasimha avatar of Lord Vishnu is worshipped by chanting prayers and performing rituals.This avatar in particular is prayed to for strength and courage. He is also worshipped when one wants to overcome their fear and hardship.

**Celebration of NarasimhaJayanti**

The day when Narasimha came down to Earth, is celebrated as NarasimhaJayanti. It falls on the 14th day of the bright half of the lunar month, typically in May.

**Lessons on Devotion, Faith in Godís Grace, Good vs. Evil**

The battle between good versus evil has been eternal. And it is always truth that wins eventually.The avatar of Narasimha was taken to rid the world of evil and bring peace and happiness once again. It shows us that the Gods are always watching and would help us when in need.

**Relevance of Narasimhaís Teachings in Modern Times**

In todayís world, we often have to deal with difficult problems and make choices about whatís right and wrong.Narasimhaís story can help us with that. It shows us that even when things are really tough, we can be brave and keep moving forward by believing in something bigger than ourselves. Narasimha also reminds us that doing the right thing is important, and that good can always win over bad.So, if you ever need strength or hope, Narasimhaís teachings can give you a helping hand and show you the way to a better future.

**Conclusion**

The chaos caused by Hiranyakashipu and the torture he put his son through could not go on any longer.The troubled gods sought the help of Lord Vishnu to put an end to this monstrosity. They wanted the worlds at peace.Lord Vishnu as the Preserver of the Universe would not send his devotees away. And true to his nature as the Preserver of the Universe, Lord Vishnu took the form of Narasimha, shown as a half beast and half man in order to save Prahaladha and the three worlds. This avatar of Lord Vishnu is considered as one of his several interludes to uphold dharma, and make the good win over the bad.

It is also highly symbolic. When Hiranyakashipu breaks the pillar asking if God is residing in it, Narasimha emerges proving that God is indeed omnipresent, always watching over us. This story tells us to do whatís right, even when things are tough. It reminds us to trust in something greater when life gets really hard, and it gives us hope that good can win over bad.

So, Narasimhaís story is like a guiding star for many people. It gives them faith and strength as they go through lifeís ups and downs. Itís a story that never gets old and keeps inspiring us to be brave and stay hopeful

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263

Website: www.preetnama.com Email preetnamausa@gmail.com

26 JULY TO 01 AUGUST, 2024





# How India is redefining the landscape of international education



India is making significant strides in redefining the landscape of international education through several initiatives and developments. Here are some key ways in which this transformation is taking place:

By 2025, more than 2 million Indian students are expected to study overseas, making India the second-largest source of international students globally. This trend isn't confined to Indian students hoping to study abroad at foreign colleges; it also includes those looking to study at the overseas campuses of Indian educational institutions.

On the one hand, legacy engineering and medical schools with decades of history are setting up international branches.

On the other hand, we're seeing new-age business and management schools establishing footholds in leading global business hubs such as Dubai, London, Singapore, and Sydney, offering revolutionary new ways to gain international exposure. Several key factors have driven this expansion.

**1. Trusted brands**

Indian students are increasingly drawn to studying abroad with brands they know and trust. By establishing campuses overseas, Indian institutions offer a golden opportunity to gain international exposure and experience the benefits of living abroad while remaining within the fold of a trusted Indian educational system. This eases the transition for young students venturing abroad for the first time, providing a support system that understands their cultural and educational needs.

**2. Spotlighting Indian talent and bridging global skill gaps**

Indian education, especially in STEM and management fields, is renowned for producing highly skilled graduates. Consider the leaders of some of the world's leading technology and business companies. Google, Microsoft, IBM, Adobe and many others have Indian or Indian-origin CEOs. The success of Indian CEOs leading these global powerhouses underscores a compelling demand for Indian-style education worldwide. By setting up campuses abroad, Indian institutions can leverage this success to mould future global business and technology leaders. International students gain a golden opportunity to tap into the same educational excellence that has shaped some of the brightest minds in today's tech and business landscapes.

**3. Global experience with Indian recognition**

Vijay GarG Retired Principal Educational columnist malout

For students planning to return to India, degrees offered by international campuses of Indian institutions hold significant value in the Indian job market. Students gain a globally recognised degree while acquiring invaluable international exposure. Employers appreciate the unique skill set these graduates possess, a solid foundation in Indian educational standards coupled with a global perspective. This makes them highly sought after, especially in multinational corporations and industries with a global outlook.

**4. Razor-sharp focus on career outcomes**

Unlike many Western universities that emphasise broad-based learning, Indian schools maintain a razor-sharp focus on employability. This job-centric approach is deeply embedded in the DNA of Indian higher education, reflecting the country's competitive job market and the aspirations of its youth population.

As Indian universities expand globally, they're exporting this career-oriented model. Whether it's a specialised MBA program or a tech-focused course, Indian institutions design their offerings with a clear eye on industry needs and job market trends. This focused approach is particularly appealing in an era where students and parents are increasingly concerned about return on investment in education.

**5. Cultural exchange and diversity**

International campuses are hotbeds of cultural exchange. Indian students have the chance to interact with peers from diverse backgrounds, gaining invaluable experience they wouldn't otherwise get at home. They learn to work in multicultural teams and develop the skills that give them a competitive advantage as compared to their peers back home. Conversely, international students gain insights into Indian culture and business practices, which is increasingly valuable as India's global economic influence grows.

This cultural immersion goes beyond the classroom. Students engage in cross-cultural activities, celebrations, and projects, fostering a deep understanding and appreciation of different worldviews. This exposure is invaluable in developing global citizens who can navigate the complexities of an interconnected world with empathy and cultural intelligence.

**6. Research collaborations and innovation**

Overseas campuses enable Indian institutions to tap into global research resources, driving innovation and contributing to the advancement of knowledge on a global scale. These collaborations often lead to groundbreaking research initiatives that address global challenges.



By combining the strengths of Indian research methodologies with international resources and perspectives, these institutions are poised to make significant contributions across various fields. Furthermore, these collaborations often result in joint research publications, patents, and innovations that elevate the global standing of Indian academia. They also provide opportunities for faculty exchange programs, enriching the academic environment both in India and abroad.

As we move forward, the global expansion of Indian educational institutions is more than just a trend; it's a testament to the excellence and adaptability of Indian education. It underscores our ability to meet global educational needs while maintaining our core strengths.

Yet, this journey is not without its hurdles. Adapting to different regulatory environments, ensuring consistent quality across borders, and balancing local relevance with Indian values are ongoing challenges.

These require constant innovation and adaptation. Despite these challenges, the future is bright. As Indian institutions continue to expand their global footprint, they not only enhance their stature but also contribute significantly to India's soft power and global influence.

# Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263 | Website: www.preetnama.com Email preetnamausa@gmail.com | 26 JULY TO 01 AUGUST, 2024




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263

Website: www.preetnama.com Email preetnamausa@gmail.com

26 JULY TO 01 AUGUST, 2024




# ਤੀਆਂ ਦਾ ਮਹੀਨਾ ਢੋਲਣਾ...



ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿੱਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ।ਭਾਰਤ ਵਿੱਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿੱਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿੱਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿੱਚ ਖੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖੁਸ਼ੀਆਂ ਦੀ ਫੁਹਾਰ(ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿੱਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ। ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿੱਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿੱਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਨੱਚ ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

**ਆਉਂਦੀ ਕੁੜੀਏ, ਜਾਂਦੀ ਕੁੜੀਏ**
**ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ**
**ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ**
**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ...**
**ਰਲ ਆਓ ਸਈਓ ਨੀਂ**
**ਸੱਭੇ ਤੀਆਂ ਖੇਡਣ ਜਾਈਏ**
**ਹੁਣ ਆ ਗਿਆ ਸਾਵਣ ਨੀਂ**
**ਪੀਂਘਾਂ ਪਿੱਪਲੀਂ ਜਾ ਕੇ ਪਾਈਏ**
**ਲੈ ਪੈਲਾਂ ਪਾਂਦੇ ਨੀਂ, ਬਾਗੀਂ ਮੋਰਾਂ ਸ਼ੋਰ ਮਚਾਇਆ**
**ਖਿੜ ਖਿੜ ਫੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।**
**ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।**
**ਮੈਂ ਰੋ-ਰੋ ਮਰ ਗਈ ਨੀਂ,**
**ਜਿੰਦੜੀ ਆਣ ਗ਼ਮਾਂ ਨੇ ਘੇਰੀ।**
**ਰਲ ਆਓ ਸਈਓ ਨੀਂ ।**

ਤੀਆਂ ਨੂੰ @ਸਾਵੇ@ ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ -ਹਰੇ-ਭਰੇ ਜਾਂ ਹਰਿਆਲੀ। @ਸਾਵੇ@ ਸ਼ਬਦ ਬੋਲ-ਚਾਲ ਵਿੱਚ ਸਹਿਜ ਤੇ ਸਰਲ ਹੈ। ਪੰਜਾਬ ਵਿੱਚ ਤੀਆਂ ਨੂੰ @ਹਰਿਆਲੀ ਤੀਜ@ ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿੱਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਨਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿੱਚ ਕੁੜੀਆਂ, ਨੂੰਹਾਂ, ਧੀਆਂ ਪਹਿਣ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿੱਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿੱਚ ਕੁੜੀਆਂ ਜੁੜਦੀਆਂ ਹਨ ਤੇ ਖੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿੱਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ, ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿੱਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿੱਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿੱਚ ਹੁੰਦੇ ਸਨ।ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ।ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿੱਚ ਵੀ ਹੁੰਦੀ ਸੀ। ਨਿਸਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ ।ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ,ਉਨ੍ਹਾਂ ਦੇ ਵਿਵਹਾਰ ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ।ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ।ਉਨ੍ਹਾਂ ਸਮਿਆਂ ਵਿੱਚ ਕਿਉਂਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ,ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿੱਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ।ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ।ਸਾਉਣ ਦਾ ਮਹੀਨਾ ਤੀਆਂ ਨੂੰ ਖੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿੱਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿੱਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:

**ਆ ਵਣਜਾਰਿਆ ਬਹਿ ਵਣਜਾਰਿਆ,**
**ਵੰਗਾਂ ਦੇਈਂ ਚੜ੍ਹਾ**
**ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ**
**ਗਿੱਧੇ ਵਿੱਚ ਮੈਂ ਨੱਚਦੀ,**
**ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।**
**ਗਿੱਧੇ ਵਿੱਚ ਮੈਂ ਨੱਚਦੀ ।**

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ @ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ।ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿੱਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿੱਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ ,ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖੂਬ ਭਖੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ॥ ਬੋਲੀਆਂ ਵਿੱਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਜੋਗ, ਵਿਜੋਗ, ਨਨਾਣ, ਭਰਜਾਈ, ਦਿਉਰ, ਜੇਠ,ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿੱਚ ਪੁਰਸ਼ਾਂ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰ ਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:

ਹੋਰਨਾਂ ਦੇ ਮਾਹੀਏ ਤੀਆਂ ਵੇਖਣ, ਮੇਰਾ ਚੁਗੇ ਕਪਾਹ
**ਵੇ ਤੂੰ ਕੀ ਰਾਹ ਨੀ@ ਜਾਂਦਾ, ਤੀਆਂ ਵੇਖਣ ਆ।**
**ਵੇ ਤੂੰ ਕੀ...**

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ,ਗੁਬਾਰਿਆਂ,ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:

**ਤੇਰਾ ਹੋਏ ਸੁਰਗਾਂ ਵਿੱਚ ਵਾਸਾ,**
**ਵੇ ਤੀਆਂ ਨੂੰ ਲਵਾਉਣ ਵਾਲਿਆ...**

ਦੁੱਖ-ਸੁੱਖ, ਖੁਸ਼ੀ-ਗਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰ ਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿੱਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:

**ਯਾਰ ਬੀਮਾਰ ਪਿਆ**
**ਮੇਰਾ ਚਿੱਤ ਨਾ ਤੀਆਂ ਦੇ ਵਿੱਚ ਲੱਗਦਾ।**
**ਕਿਹੜੇ ਹੌਂਸਲੇ ਗਿੱਧੇ ਦੇ ਵਿੱਚ ਜਾਵਾਂ**
**ਯਾਰ ਬੀਮਾਰ ਪਿਆ।**

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿੱਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:

**ਸੱਚ ਦੇ ਬਚਨ ਵਿੱਚ ਧਾਈਆਂ,**
**ਮਾਪਿਓ ਥੋੜੇ ਰਾਜ ਅੰਦਰ**
**ਤੀਆਂ ਖੇਡ ਕੇ ਘਰਾਂ ਨੂੰ ਆਈਆਂ।**

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ ਖੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿੱਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:

ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿੱਚ ਦੁੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ ਤੇ ਦੁੱਬ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤਕ ਲਈ ਵਿਛੜ ਜਾਂਦਾ ਹੈ:

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ

ਤੀਆਂ ਦਾ ਇਹ ਤਿਉਹਾਰ ਸਭ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਰਹੀ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿੱਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿੱਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ ਨਾਚ ਦੀ ਆਈਟਮ ਵਿੱਚ ਕਦੇ ਕਦੇ ਤੀਆਂ ਦੇ ਨਾਚ ਦੀ ਇਕ -ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ,ਜਿਨ੍ਹਾਂ ਵਿੱਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ ,ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿੱਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ।ਵਧੇਰੇ ਸਥਿਤੀਆਂ ਵਿੱਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪਰਿਵਰਤਨਸ਼ੀਲ ਵਰਤਾਰੇ ਵਿੱਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ @ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ।



ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263

Website: www.preetnama.com Email preetnamausa@gmail.com

26 JULY TO 01 AUGUST, 2024






# ਬਹੁਤ ਖ਼ੂਬਸੂਰਤ ਹੈ ਹਿਮਾਚਲ ਦੀ "ਪਰਾਸ਼ਰ ਝੀਲ"

ਅੱਜ ਮੈਂ ਪਹਿਲੀ ਵਾਰ ਆਪਣੀ ਯਾਤਰਾ ਬਾਰੇ ਇੱਕ ਲੇਖ ਲਿਖ ਰਹੀ ਹਾਂ ।ਹਰ ਸਾਲ ਸਰਦੀ ਅਤੇ ਗਰਮੀ ਦੀਆਂ ਛੁੱਟੀਆਂ ਵਿੱਚ ਮੇਰਾ ਪਰਿਵਾਰ ਵੱਖ ਵੱਖ ਥਾਵਾਂ ਤੇ ਘੁੰਮਣ ਜਾਂਦਾ ਹੈ ।ਇਸ ਵਾਰ ਲੌਕਡਾਊਨ ਖੁੱਲ੍ਹਣ ਤੋਂ ਬਾਅਦ ਮੇਰੇ ਪਾਪਾ ਨੇ ਸਾਨੂੰ ਕਿਤੇ ਘੁੰਮਣ ਲਈ ਪੁੱਛਿਆ ਕੁਝ ਸੋਚ ਵਿਚਾਰ ਤੋਂ ਬਾਅਦ ਅਸੀਂ ਦੋ ਥਾਵਾਂ ਤੇ ਜਾਣ ਬਾਰੇ ਸੋਚਿਆ ਇਕ ਸੀ ਹਿਮਾਚਲ ਤੇ ਦੂਜਾ ਰਾਜਸਥਾਨ ।ਦਸੰਬਰ ਦਾ ਮਹੀਨਾ ਹੋਣ ਕਾਰਨ ਹਿਮਾਚਲ ਵਿਚ ਬਰਫਬਾਰੀ ਹੁੰਦੀ ਹੈ ਇਸ ਲਈ ਅਸੀਂ ਇਸ ਵਾਰ ਬਰ਼ਫ ਦੇਖਣ ਲਈ ਹਿਮਾਚਲ ਜਾਣ ਦਾ ਪ੍ਰੋਗਰਾਮ ਬਣਾ ਲਿਆ ।ਇਸ ਬਾਰ ਸਾਡੇ ਨਾਲ਼ ਪਾਪਾ ਦੇ ਦੋਸਤ ਸੁਖਜਿੰਦਰ ਅੰਕਲ ਦਾ ਪਰਿਵਾਰ ਵੀ ਗਿਆ।ਪਾਪਾ ਨੇ ਦੱਸਿਆ ਕਿ ਜਿਆਦਾਤਰ ਲੋਕ ਸ਼ਿਮਲਾ, ਕੁੱਲੂ , ਮਨਾਲ਼ੀ ਆਦਿ ਘੁੰਮਣ ਜਾਂਦੇ ਹਨ ਪਰ ਅਸੀਂ ਇੱਕ ਅਜਿਹੀ ਥਾਂ ਤੇ ਜਾਣਾ ਚਾਹੁੰਦੇ ਸੀ ਜਿਥੇ ਸਿੱਖਣ ਲਈ ਵੱਧ ਤੋਂ ਵੱਧ ਹੋਵੇ ਪਰ ਉੱਥੇ ਬਹੁਤ ਘੱਟ ਭੀੜ ਹੋਵੇ।ਇੰਟਰਨੈੱਟ ਤੇ ਕਈ ਥਾਂਵਾਂ ਦੇਖੀਆਂ ਤਾਂ ਸਾਨੂੰ ਹਿਮਾਚਲ ਦੇ ਪਹਾੜਾਂ ਤੇ ਦੱਸ ਹਜਾਰ ਫੁੱਟ ਦੀ ਉਚਾਈ ਤੇ ਸਥਿਤ ਪਰਾਸ਼ਰ ਝੀਲ ਪਸੰਦ ਆਈ।ਅਸੀ ਪਰਾਸ਼ਰ ਝੀਲ ਜਾਣ ਦਾ ਪ੍ਰੋਗਰਾਮ ਫਾਈਨਲ ਕਰ ਲਿਆ ।ਉੱਥੇ ਜਾਣ ਤੋਂ ਇਕ ਦਿਨ ਪਹਿਲਾਂ ਅਸੀਂ ਤਿਆਰੀ ਕੀਤੀ ਲੋੜੀਂਦੇ ਗਰਮ ਕੱਪੜੇ ਖਰੀਦੇ ਅਤੇ ਹੋਰ ਜ਼ਰੂਰੀ ਸਾਮਾਨ ਪੈਕ ਕੀਤਾ ।ਅਸੀਂ ਸਾਰੇ ਬੱਚੇ ਫੋਨ ਤੇ ਪਰਾਸ਼ਰ ਲੇਕ ਦੀਆਂ ਫੋਟੋਆਂ ਦੇਖਣ ਲੱਗੇ ।ਪਾਪਾ ਤੇ ਅੰਕਲ ਨੇ ਟੂਰ ਦਾ ਰੂਟ ਤਿਆਰ ਕੀਤਾ ।

ਅਗਲੀ ਸਵੇਰ ਜਲਦੀ ਹੀ ਅਸੀਂ ਘਰ ਤੋਂ ਚੱਲ ਪਏ ਫਿਰ ਅਸੀਂ ਅੰਕਲ ਦੇ ਘਰ ਪਹੁੰਚ ਕੇ ਉਨ੍ਹਾਂ ਦਾ ਸਾਮਾਨ ਗੱਡੀ ਵਿੱਚ ਰਖਵਾਇਆ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨਾਲ ਲੈ ਕੇ ਹਿਮਾਚਲ ਵੱਲ ਰਵਾਨਾ ਹੋਏ । ਸਰਹੰਦ ਤਕ ਪਹੁੰਚਣ ਤੇ ਸਾਨੂੰ ਬਹੁਤ ਭੁੱਖ ਲੱਗਣ ਲੱਗੀ।ਇਸ ਲਈ ਅਸੀਂ ਸਰਹਿੰਦ ਦੇ ਆਮ ਖਾਸ ਬਾਗ ਵਿੱਚ ਰੁਕੇ।ਉੱਥੇ ਅਸੀਂ ਕਈ ਇਤਿਹਾਸਕ ਇਮਾਰਤਾਂ ਦੇਖੀਆਂ ।ਪਾਪਾ ਨੇ ਦੱਸਿਆ ਇਹ ਬਾਗ ਮੁਗਲ ਬਾਦਸ਼ਾਹ ਜਹਾਂਗੀਰ ਦੁਆਰਾ ਬਣਾਇਆ ਗਿਆ ਹੈ।ਦਿੱਲੀ ਤੋਂ ਲਾਹੌਰ ਜਾਂਦੇ ਸਮੇਂ ਉਹ ਸਰਹਿੰਦ ਵਿੱਚ ਆਰਾਮ ਕਰਨ ਲਈ ਇਸ ਥਾਂ ਤੇ ਰੁਕਦੇ ਸਨ ।ਆਮ ਖਾਸ ਬਾਗ ਵਿਚ ਇਕ ਵੱਡਾ ਸਰੋਵਰ ਵੀ ਬਣਾਇਆ ਹੋਇਆ ਹੈ ਜਿਸ ਦੇ ਚਾਰ ਚੁਫੇਰੇ ਵੱਡੀਆਂ-ਵੱਡੀਆਂ ਪੌੜੀਆਂ ਹਨ ਇਸ ਬਾ਼ਗ ਦੀਆਂ ਕੰਧਾਂ ਕਿਲੇ ਵਾਂਗੂ ਉੱਚੀਆਂ ਉੱਚੀਆਂ ਸਨ।ਇਸ ਦੇ ਇੱਕ ਕੋਨੇ ਵਿੱਚ ਇੱਕ ਬਹੁਤ ਸੁੰਦਰ ਬਗੀਚਾ ਬਣਿਆ ਹੋਇਆ ਹੈ ਜਿਸ ਵਿਚ ਤਰ੍ਹਾਂ-ਤਰ੍ਹਾਂ ਦੇ ਰੁੱਖ ਲੱਗੇ ਹੋਏ ਸਨ । ਸੁੰਦਰ ਸੁੰਦਰ ਰੁੱਖ ਇਸ ਦੀ ਖ਼ੂਬਸੂਰਤੀ ਨੂੰ ਹੋਰ ਵੀ ਵਧਾਉਂਦੇ ਹਨ।ਅਸੀਂ ਇਥੇ ਬੈਠ ਕੇ ਰੋਟੀ ਖਾਧੀ ਤੇ ਸਾਰਾ ਬਾਗ ਘੁੰਮਿਆ।ਅਸੀਂ ਵੇਖਿਆ ਕਿ ਕੁਝ ਲੋਕ ਇੱਥੇ ਬਣੀਆਂ ਪੁਰਾਣੀਆਂ ਇਤਿਹਾਸਕ ਇਮਾਰਤਾਂ ਦੀ ਨਵ-ਉਸਾਰੀ ਕਰ ਰਹੇ ਸਨ ਉਹ ਮਿਹਨਤ ਨਾਲ ਆਪਣਾ ਕੰਮ ਕਰ ਰਹੇ ਸਨ ।ਫਿਰ ਅਸੀਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਗਏ ।ਇੱਥੇ ਸਿੰਘ ਗੁਰਦੁਆਰਾ ਸਾਹਿਬ ਚ ਮੱਥਾ ਟੇਕਿਆ ਅਤੇ ਠੰਢਾ ਬੁਰਜ ਵੀ ਦੇਖਿਆ ।ਇਸ ਥਾਂ ਤੇ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ ਸੀ ।

ਸਰਹਿੰਦ ਤੋਂ ਚੱਲ ਕੇ ਅਸੀਂ ਸੰਘੋਲ ਪਹੁੰਚੇ ਇੱਥੇ ਅਸੀਂ ਆਰਕਿਓਲੌਜੀਕਲ ਮਿਊਜੀਅਮ ਵਿੱਚ ਗਏ। ਇਸ ਮਿਊਜੀਅਮ ਵਿੱਚ ਹੜੱਪਾ ਸੱਭਿਅਤਾ ਨਾਲ ਸਬੰਧਿਤ ਕਈ ਚੀਜ਼ਾਂ ਸਨ ,ਜਿਵੇਂ ਮਿੱਟੀ ਦੀਆਂ ਬਣੀਆਂ ਵੱਖ ਵੱਖ ਤਰ੍ਹਾਂ ਦੀਆਂ ਮੂਰਤੀਆਂ ,ਮਿੱਟੀ ਦੇ ਭਾਂਡੇ, ਗਹਿਣੇ, ਹਾਥੀ ਦੇ ਦੰਦ ਨਾਲ ਬਣੇ ਗਹਿਣੇ ਅਤੇ ਹੋਰ ਸਾਮਾਨ ,ਮਿੱਟੀ ਦੇ ਘੜੇ ਆਦਿ। ਇੱਥੇ ਗਾਈਡ ਅੰਕਲ ਨੇ ਸਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ । ਮਿਊਜ਼ੀਅਮ ਤੋਂ ਥੋੜ੍ਹੀ ਦੂਰੀ ਤੇ ਅਸੀਂ ਬੋਧੀ ਸਤੂਪ ਦੀਆਂ ਨੀਂਹਾਂ ਦੇਖੀਆਂ ਜਿਸ ਦਾ ਇਕ ਛੋਟਾ ਜਿਹਾ ਮਾਡਲ ਮਿਊਜੀਅਮ ਵਿੱਚ ਵੀ ਰੱਖਿਆ ਗਿਆ ਸੀ ਪਰ ਇਸ ਸਤੂਪ ਹੁਣ ਟੁੱਟ ਚੁੱਕਾ ਸੀ ਸਿਰਫ ਨੀਹਾਂ ਬਾਕੀ ਸਨ ।ਇਹ ਗੋਲ ਆਕਾਰ ਦਾ ਬਣਿਆ ਹੋਇਆ ਸੀ ਉੱਥੇ ਇੱਕ ਗਾਈਡ ਨੇ ਸਾਨੂੰ ਉਸ ਸਤੂਪ ਬਾਰੇ ਕਾ਼ਫੀ ਜਾਣਕਾਰੀ ਦਿੱਤੀ ਉਨ੍ਹਾਂ ਨੇ ਦੱਸਿਆ ਕਿ ਇਸ ਸਤੂਪ ਵਿੱਚ ਪੁਰਾਣੇ ਸਮੇਂ ਦੇ ਬੋਧੀ ਅਧਿਆਪਕ ਆਪਣੇ ਭਿਕਸ਼ੂ ਚੇਲਿਆਂ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ ਇਸ ਵਿੱਚ ਆਲੇ ਦੁਆਲੇ ਕਮਰੇ ਬਣੇ ਹੋਏ ਸਨ ।ਇਨ੍ਹਾਂ ਵਿੱਚ ਵਿਦਿਆਰਥੀ ਰਹਿੰਦੇ ਸਨ ।ਉਨ੍ਹਾਂ ਨੇ ਦੱਸਿਆ ਕਿ ਜਿਥੇ ਵੀ ਮਹਾਤਮਾ ਬੁੱਧ ਦਾ ਸਤੂਪ ਬਣਾਇਆ ਜਾਂਦਾ ਹੈ ਉਸ ਸਤੂਪ ਦੇ ਐਨ ਵਿਚਕਾਰ ਕੋਈ ਉਨ੍ਹਾਂ ਨਾਲ ਸਬੰਧਤ ਕੋਈ ਨਿਸ਼ਾਨੀ ਜ਼ਰੂਰ ਰੱਖੀ ਜਾਂਦੀ ਸੀ ।ਗਾਈਡ ਅੰਕਲ ਨੇ ਦੱਸਿਆ ਕਿ ਸੰਘੋਲ ਪਿੰਡ ਦੀ ਜ਼ਮੀਨ ਵਿੱਚੋਂ ਹੀ ਇਹ ਸਾਰੀਆਂ ਮੂਰਤੀਆਂ ਤੇ ਹੋਰ ਸਾਮਾਨ ਖੁਦਾਈ ਕਰਕੇ ਕੱਢਿਆ ਗਿਆ ਹੈ ਜਿਸ ਨੂੰ ਮਿਊਜੀਅਮ ਵਿੱਚ ਅਸੀਂ ਦੇਖਿਆ ਸੀ ।ਇਹ ਅੱਜ ਤੋਂ ਚਾਰ-ਪੰਜ ਹਜਾਰ ਸਾਲ ਪਹਿਲਾਂ ਬੱਸ ਦੀ ਹੜੱਪਾ ਸਭਿਅਤਾ ਨਾਲ ਸਬੰਧਤ ਇਤਿਹਾਸਕ ਸਾਮਾਨ ਸੀ । ਅਸੀਂ ਇਥੋਂ ਚੱਲ ਪਏ ਅਤੇ ਆਨੰਦਪੁਰ ਸਾਹਿਬ ਪਹੁੰਚਦੇ ਪਹੁੰਚਦੇ ਰਾਤ ਹੋ ਚੁੱਕੀ ਸੀ ,ਇਸ ਲਈ ਅਸੀਂ ਉੱਥੇ ਰੁਕਣ ਦਾ ਫੈਸਲਾ ਕੀਤਾ। ਪੁੱਛਣ ਤੇ ਇੱਕ ਅੰਕਲ ਨੇ ਸਾਨੂੰ ਦੱਸਿਆ ਕਿ ਵਿਰਾਸਤ-ਏ-ਖ਼ਾਲਸਾ ਕੋਲ ਭਾਈ ਬਚਿੱਤਰ ਸਿੰਘ ਸਰਾਂ ਹੈ ਜਿਸ ਵਿੱਚ ਬਹੁਤ ਵਧੀਆ ਕਮਰੇ ਮਿਲਦੇ ਹਨ ।ਅਸੀਂ ਸਰਾਂ ਵਿੱਚ ਕਮਰਾ ਲਿਆ ਸਾਮਾਨ ਰੱਖ ਕੇ ਅਸੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਗਏ ।ਉਸ ਤੋਂ ਬਾਅਦ ਅਸੀਂ ਲੰਗਰ ਛਕਿਆ ਅਤੇ ਬਾਜ਼ਾਰ ਘੁੰਮਿਆ ਰਾਤ ਨੂੰ ਸੜਕਾਂ ਉੱਤੇ ਜਗਮਗਾਉਂਦੀਆਂ ਲਾਈਟਾਂ ਨਾਲ ਸਜੀਆਂ ਦੁਕਾਨਾਂ ਬਹੁਤ ਸੋਹਣੀਆਂ ਲੱਗ ਰਹੀਆਂ ਸਨ। ਇਹ ਦੁਕਾਨਾਂ ਬਿਲਕੁਲ ਮੇਲੇ ਵਾਂਗ ਲੱਗ ਰਹੀਆਂ ਸਨ । ਅਸੀਂ ਇੱਥੇ ਕੁਝ ਸਾਮਾਨ ਖ਼ਰੀਦਿਆ ਤੇ ਸੈਰ ਕਰਦੇ ਹੋਏ ਆਪਣੇ ਕਮਰੇ ਵਿੱਚ ਪਹੁੰਚ ਕੇ ਸੌਂ ਗਏ । ਅਗਲੇ ਦਿਨ ਸਵੇਰੇ ਪੰਜ ਵਜੇ ਅਸੀਂ ਕਮਰੇ ਦੀ ਚਾਬੀ ਜਮ੍ਹਾਂ

ਸਹਿਜਪ੍ਰੀਤ ਕੌਰ
81462-11644

ਕਰਾ ਕੇ ਹਿਮਾਚਲ ਦੇ ਸਫਰ ਤੇ ਤੁਰ ਪਏ ।ਅਸੀਂ ਇਕ ਅਜਿਹੀ ਸੜਕ ਉੱਪਰੋਂ ਜਾ ਰਹੇ ਸੀ ਜਿਸ ਦੇ ਇੱਕ ਪਾਸੇ ਨਦੀ ਸੀ ਤੇ ਦੂਜੇ ਪਾਸੇ ਝਾੜੀਆਂ ਸਨ।ਰਸਤਾ ਕੱਚਾ ਅਤੇ ਟੁੱਟਿਆ ਹੋਇਆ ਸੀ ਅਸੀਂ ਬਹੁਤ ਮੁਸ਼ਕਲ ਨਾਲ ਉੱਥੋਂ ਨਿਕਲੇ ।ਇੱਥੋਂ ਬਿਲਾਸਪੁਰ, ਸੁੰਦਰਨਗਰ ਹੁੰਦੇ ਹੋਏ ਅਸੀਂ ਦੁਪਹਿਰ ਤਕ ਮੰਡੀ ਪਹੁੰਚ ਗਏ ।ਮੰਡੀ ਦਾ ਗੁਰਦੁਆਰਾ ਸਾਹਬ ਬਹੁਤ ਸੁੰਦਰ ਸੀ ਜੋ ਪਹਾੜਾਂ ਵਿਚਕਾਰ ਬਣਿਆ ਹੋਇਆ ਹੈ ਗੁਰਦੁਆਰਾ ਸਾਹਿਬ ਦੇ ਅੱਗੇ ਸੜਕ ਤੋਂ ਹੇਠਾਂ ਵੱਲ ਬਿਆਸ ਦਰਿਆ ਚਲਦਾ ਹੈ । ਅਸੀਂ ਇੱਥੇ ਗੱਡੀ ਖੜ੍ਹਾਈ ਅਤੇ ਸਰਾਂ ਵਿੱਚ ਕਮਰਾ ਲੈ ਲਿਆ ਅਸੀਂ ਇੱਥੇ ਸਾਮਾਨ ਰੱਖ ਕੇ ਲੰਗਰ ਛਕਿਆ ਅਤੇ ਮੱਥਾ ਟੇਕਿਆ ।ਗੁਰਦੁਆਰਾ ਸਾਹਿਬ ਵਿਚ ਅਸੀਂ ਇਕ ਸੱਤ ਫੁੱਟ ਲੰਬੀ ਬੰਦੂਕ ਦੇਖੀ ।ਬਾਬਾ ਜੀ ਨੇ ਦੱਸਿਆ ਕਿ ਇਸ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਆਸ ਨਦੀ ਵਿੱਚ ਤੈਰਦੀ ਹਾਂਡੀ ਤੇ ਨਿਸ਼ਾਨਾ ਲਗਾਇਆ ਸੀ। ਥੋੜ੍ਹੀ ਦੇਰ ਬਾਅਦ ਅਸੀਂ ਪਰਾਸ਼ਰ ਝੀਲ ਜਾਣ ਲਈ ਰਵਾਨਾ ਹੋ ਗਏ ਰਸਤੇ ਵਿੱਚ ਇੱਕ ਅਜਿਹਾ ਪਹਾੜ ਸੀ ਜਿੱਥੇ ਅਕਸਰ ਪੱਥਰ ਡਿੱਗਦੇ ਰਹਿੰਦੇ ਸਨ ਪਰ ਖੁਸ਼ੀ ਦੀ ਗੱਲ ਹੈ ਕਿ ਜਦੋਂ ਸੀ ਲੰਘੇ ਤਾਂ ਕੋਈ ਪੱਥਰ ਨਹੀਂ ਡਿੱਗਿਆ ।ਸੜਕ ਤੇ ਜਾਂਦੀ ਸਾਡੀ ਗੱਡੀ ਇੱਕ ਵਾਰ ਹੇਠਾਂ ਵੱਜੀ ਜਿਸ ਨਾਲ ਸਾਡੀ ਗੱਡੀ ਦੇ ਰੇਡੀਏਟਰ ਦੇ ਪਾਣੀ ਵਾਲੇ ਪਾਈਪ ਵਿੱਚ ਸੁਰਾਖ ਹੋ ਗਿਆ ਸਾਨੂੰ ਇਸ ਬਾਰੇ ਬਾਅਦ ਵਿੱਚ ਜਾ ਕੇ ਪਤਾ ਲੱਗਾ। ਜਿਸ ਕਾਰਨ ਗੱਡੀ ਵਿਚਲਾ ਪਾਣੀ ਡੁੱਲ੍ਹ ਗਿਆ ਸੀ ।ਸਾਨੂੰ ਨਹੀਂ ਸੀ ਪਤਾ ਕਿ ਇਹ ਸਾਡੇ ਲਈ ਕਿੰਨੀ ਵੱਡੀ ਮੁਸੀਬਤ ਖੜ੍ਹੀ ਕਰੇਗਾ ।

ਜਦੋਂ ਭਰਾ ਸਿਰਲੇਖ ਤੇ ਪਹੁੰਚਣ ਲਈ ਸਿਰਫ ਦੱਸ ਕਿਲੋਮੀਟਰ ਬਾਕੀ ਰਹਿ ਗਏ ਸੀ ਉਸ ਸਮੇਂ ਪਹਾੜ ਦੇ ਕਿਨਾਰੇ ਗੱਡੀ ਰੁਕ ਗਈ ।ਜਦੋਂ ਅਸੀਂ ਗੱਡੀ ਦਾ ਬੌਰਨਟ ਖੋਲ੍ਹਿਆ ਤਾਂ ਉਸ ਵਿਚੋਂ ਧੂੰਆਂ ਨਿਕਲਣ ਲੱਗਾ ਸਾਨੂੰ ਕਾਫੀ ਟੈਨਸ਼ਨ ਹੋ ਗਈ ।ਪਾਪਾ ਨੇ ਫੋਨ ਤੇ ਮਕੈਨਿਕ ਅੰਕਲ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਗੱਡੀ ਦੇ ਰੇਡੀਏਟਰ ਦੇ ਪਾਣੀ ਨਿਕਲਣ ਕਾਰਨ ਗੱਡੀ ਗਰਮ ਹੋ ਗਈ ਹੈ ਵੱਧ ਤੋਂ ਵੱਧ ਪਾਣੀ ਰੇਡਿਟ ਉੱਤੇ ਪਾਓ ਇਹ ਸੁਣ ਕੇ ਅਸੀਂ ਆਪਣੀਆਂ ਪੀਣ ਵਾਲੀਆਂ ਪਾਣੀ ਦੀਆਂ ਬੋਤਲਾਂ ਨਾਲ ਰੇਡੀਏਟਰ ਤੇ ਪਾਣੀ ਪਾਉਣ ਲੱਗੇ।ਸਾਨੂੰ ਦੇਖ ਕੇ ਕੁਝ ਲੋਕ ਰੁਕ ਗਏ ਉਨ੍ਹਾਂ ਨੇ ਆਪਣੀਆਂ ਪਾਣੀ ਦੀਆਂ ਬੋਤਲਾਂ ਸਾਨੂੰ ਰੇਡੀਏਟਰ ਤੇ ਪਾਉਣ ਲਈ ਦਿੱਤੀਆਂ। ਲੋਕ ਸਾਡੀ ਮਦਦ ਕਰਕੇ ਚਲੇ ਗਏ ਪਰ ਸਾਡੀ ਗੱਡੀ ਉੱਥੇ ਹੀ ਖਰਾਬ ਹੋਈ ਖੜ੍ਹੀ ਰਹੀ ।ਮੌਸਮ ਖਰਾਬ ਹੋਣ ਲੱਗਾ ਸੀ ਬਾਹਰ ਬਹੁਤ ਠੰਢ ਹੋ ਰਹੀ ਸੀ। ਸਾਨੂੰ ਚਿੰਤਾ ਹੋਣ ਲੱਗੀ ਪਰ ਅਚਾਨਕ ਇਕ ਗੱਡੀ ਆਈ ਜੋ ਖਾਲੀ ਸੀ ।ਗੱਡੀ ਵਾਲੇ ਅੰਕਲ ਨੇ ਸਾਨੂੰ ਸਾਰਿਆਂ ਨੂੰ ਗੱਡੀ ਵਿੱਚ ਬਿਠਾ ਕੇ ਨੀਚੇ ਇਕ ਹੋਟਲ ਤਕ ਛੱਡਿਆ ਉਨ੍ਹਾਂ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਮੈਨੂੰ ਮੁਆ਼ਫ ਕਰਨਾ ਮੈਂ ਤੁਹਾਨੂੰ ਇਸ ਤੋਂ ਅੱਗੇ ਨਹੀਂ ਲਿਜਾ ਸਕਦਾ ਕਿਉਂਕਿ ਜੇ ਮੈਂ ਤੁਹਾਨੂੰ ਮੰਡੀ ਤਕ ਛੱਡਣ ਗਿਆ ਤਾਂ ਪੁਲਸ ਨੇ ਮੇਰਾ ਚਲਾਨ ਕੱਟ ਦੇਣਾ ਅਸੀਂ ਕਿਹਾ ਕਿ ਕੋਈ ਗੱਲ ਨਹੀਂ ਵੈਸੇ ਵੀ ਤੁਸੀਂ ਸਾਡੇ ਇੰਨੀ ਮਦਦ ਕੀਤੀ ਇਸ ਲਈ ਤੁਹਾਡਾ ਬਹੁਤ -ਬਹੁਤ ਧੰਨਵਾਦ ।ਅਸੀਂ ਉਨ੍ਹਾਂ ਦਾ ਧੰਨਵਾਦ ਕਰਕੇ ਹੋਟਲ ਵਿੱਚ ਗਏ ਅਤੇ ਉੱਥੇ ਕਮਰੇ ਲੈ ਲਏ। ਅਸੀਂ ਉੱਥੋਂ ਦੇ ਮਾਲਕ ਨੂੰ ਪੁੱਛਿਆ ਕਿ ਸਾਡੀ ਗੱਡੀ ਪਹਾੜੀ ਤੇ ਖ਼ਰਾਬ ਹੋ ਗਈ ਹੈ ਕਿ ਤੁਸੀਂ ਕਿਸੇ ਚੰਗੇ ਮਕੈਨਿਕ ਨੂੰ ਜਾਣਦੇ ਹੋ ? ਉਨ੍ਹਾਂ ਨੇ ਇਕ ਕਾਰਡ ਦਿੰਦੇ ਹੋਏ ਕਿਹਾ ਕਿ ਇਹ ਇਸ ਇਲਾਕੇ ਦਾ ਵਧੀਆ ਮਕੈਨਿਕ ਹੈ। ਅਸੀਂ ਉਸ ਨੂੰ ਬੁਲਾਇਆ ।ਮਕੈਨਿਕ ਤੇ ਸੁਖਜਿੰਦਰ ਅੰਕਲ ਗੱਡੀ ਨੂੰ ਬਿਨਾਂ ਸਟਾਰਟ ਕੀਤੇ ਉੱਪਰੋਂ ਹੋਟਲ ਤਕ ਲੈ ਆਏ।ਸਾਡੇ ਸਾਮਾਨ ਵਾਲੇ ਬੈਗ ਪਿੱਛੇ ਮੰਡੀ ਗੁਰਦੁਆਰੇ ਦੇ ਕਮਰੇ ਵਿਚ ਪਏ ਸਨ । ਮਕੈਨਿਕ ਨੇ ਰਾਤ ਤੱਕ ਗੱਡੀ ਠੀਕ ਕਰ ਕੇ ਹੋਟਲ ਦੇ ਬਾਹਰ ਖੜ੍ਹਾ ਦਿੱਤੀ ਇਸ ਨਾਲ ਸਾਨੂੰ ਬਹੁਤ ਖੁਸ਼ੀ ਹੋਈ ।ਅਗਲੀ ਸਵੇਰ ਅਸੀਂ ਪ੍ਰਾਸ਼ਰ ਲੇਖ ਵੱਲ ਚੱਲ ਪਏ ਸਾਡੇ ਮਨ ਵਿੱਚ ਡਰ ਸੀ ਕਿ ਕੱਲ੍ਹ ਵਾਂਗ ਕੋਈ ਸਮੱਸਿਆ ਨਾ ਆ ਜਾਵੇ ਪਰ ਅਸੀਂ ਥੋੜ੍ਹੇ ਸਮੇਂ ਵਿੱਚ ਹੀ ਉੱਥੇ ਪਹੁੰਚ ਗਏ। ਚਾਰ ਚੁ਼ਫੇਰੇ ਬਰ਼ਫ ਦੀ ਚਿੱਟੀ ਚਾਦਰ ਵਿਛੀ ਹੋਈ ਸੀ।ਬਰ਼ਫ ਵਾਲ਼ੀ ਸੜਕ ਉਪਰ ਗੱਡੀ ਅੱਗੇ ਨਹੀਂ ਜਾ ਸਕਦੀ ਸੀ ਇਸ ਲਈ ਅਸੀਂ ਗੱਡੀ ਪਹਾਡੀ ਨਾਲ ਸਾਈਡ ਤੇ ਲਗਾ ਕੇ ਖੜ੍ਹਾ ਦਿੱਤੀ ਅਤੇ ਪੈਦਲ ਹੀ ਪਰਾਸ਼ਰ ਝੀਲ ਵੱਲ ਚੱਲ ਪਏ ।ਝੀਲ ਇੱਥੋਂ ਤਿੰਨ ਚਾਰ ਕਿਲੋਮੀਟਰ ਦੂਰ ਸੀ।ਤਿੰਨ -ਚਾਰ ਕਿਲੋਮੀਟਰ ਪੈਦਲ ਬਰ਼ਫ ਵਾਲੇ ਰਸਤੇ ਉੱਪਰ ਚੱਲਣ ਦਾ ਬਹੁਤ ਆਨੰਦ ਆਇਆ ਇੱਥੇ ਅਸੀਂ ਬਰ਼ਫ ਉਪਰ ਫੋਟੋਆਂ ਖਿੱਚੀਆਂ ਅਤੇ ਬਰ਼ਫ ਇੱਕ ਦੂਜੇ ਦੇ ਮਾਰ ਕੇ ਖੇਡਦੇ-ਖੇਡਦੇ ਪਰਾਸ਼ਰ ਲੇਕ ਤੱਕ ਪਹੁੰਚ ਗਏ।ਸਾਨੂੰ ਬਹੁਤ ਠੰਢ ਲੱਗ ਰਹੀ ਸੀ ਅਸੀਂ ਉੱਥੇ ਬਣੀ ਛੋਟੀ ਜਿਹੀ ਦੁਕਾਨ ਉੱਪਰੋਂ ਗਰਮ ਗਰਮ ਚਾਹ ਪੀਤੀ ਅਤੇ ਮੈਗੀ ਖਾਧੀ ।ਝੀਲ ਦਾ ਦ੍ਰਿਸ਼ ਬਹੁਤ ਸੁੰਦਰ ਸੀ।ਪਾਪਾ ਨੇ ਦੱਸਿਆ ਕਿ ਇਸ ਝੀਲ ਦਾ ਨਾਮ ਪਰਾਸ਼ਰ ਰਿਸ਼ੀ ਦੇ ਨਾਮ ਤੇ ਰੱਖਿਆ ਗਿਆ ਹੈ , ਪਰਾਸ਼ਰ ਰਿਸ਼ੀ ਦਾ ਲੱਕੜ ਦਾ ਬਣਿਆ ਖ਼ੂਬਸੂਰਤ ਮੰਦਰ ਝੀਲ ਦੇ ਬਿਲਕੁਲ ਕੋਲ ਹੀ ਹੈ ।ਇਸ ਝੀਲ ਦੀ ਖਾਸੀਅਤ ਹੈ ਕਿ ਇਸ ਵਿਚ ਇਕ ਛੋਟਾ ਜਿਹਾ ਟਾਪੂ ਤੈਰਦਾ ਰਹਿੰਦਾ ਹੈ ਜਿਸ ਨੂੰ ਫਲੋਟਿੰਗ ਆਈਲੈਂਡ ਕਹਿੰਦੇ ਹਨ । ਦਿਲਚਸਪ ਗੱਲ ਇਹ ਹੈ ਕਿ ਇਹ ਆਪਣੀ ਜਗ੍ਹਾ ਬਦਲਦਾ ਰਹਿੰਦਾ ਹੈ ।ਪਾਪਾ ਇਸ ਝੀਲ ਤੇ ਪਹਿਲਾਂ ਵੀ ਆ ਚੁੱਕੇ ਸਨ ਇਸ ਲਈ ਉਨ੍ਹਾਂ ਨੇ ਦੱਸਿਆ ਕਿ ਹਾਂ ਇਹ ਪਹਿਲਾਂ ਝੀਲ ਦੇ ਦੂਸਰੇ ਪਾਸੇ ਹੁੰਦਾ ਸੀ ਸਾਲ ਵਿੱਚ ਇਹ ਕਈ ਵਾਰ ਆਪਣਾ ਸਥਾਨ ਬਦਲ ਲੈਂਦਾ ਹੈ।ਉਨ੍ਹਾਂ ਦੱਸਿਆ ਕਿ ਹਰ ਮੌਸਮ ਵਿੱਚ ਝੀਲ ਦਾ ਆਪਣਾ ਰੰਗ ਹੁੰਦਾ ਹੈ ਗਰਮੀਆਂ ਵਿੱਚ ਇੱਥੇ ਚਾਰ ਚੁਫੇਰਾ ਹਰਾ-ਭਰਾ ਹੁੰਦਾ ਹੈ ,ਸਤੰਬਰ ਅਕਤੂਬਰ ਵਿਚ ਏਥੇ ਦੇ ਪਹਾੜਾਂ ਭੂਰਾ ਰੰਗ ਹੁੰਦਾ ਹੈ ਅਤੇ ਦਸੰਬਰ ਜਨਵਰੀ ਦੀਆਂ ਸਰਦੀਆਂ ਵਿਚ ਬਰਫ ਪੈਣ ਕਾਰਨ ਆਲਾ ਦੁਆਲਾ ਚਿੱਟਾ ਹੋ ਜਾਂਦਾ ਹੈ ਅਤੇ ਝੀਲ ਜੰਮ ਜਾਂਦੀ ਹੈ । ਅਸੀਂ ਪਰਾਸ਼ਰ ਰਿਸ਼ੀ ਦਾ ਮੰਦਿਰ ਦੇਖਿਆ ਜਿੱਥੇ ਬਹੁਤ ਸਾਰੇ ਲੋਕ ਮੱਥਾ ਟੇਕ ਰਹੇ ਸਨ। ਕਈ ਲੋਕ ਝੀਲ ਕਿਨਾਰੇ ਪਹਾੜ ਦੇ ਕੋਲ ਪੱਥਰਾਂ ਦੇ ਉੱਪਰ ਪੱਥਰ ਰੱਖ ਕੇ ਨਿੱਕੇ ਨਿੱਕੇ ਪਿਰਾਮਿਡ ਬਣਾ ਰਹੇ ਸਨ , ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਹਰ ਇੱਛਾ ਪੂਰੀ ਹੁੰਦੀ ਹੈ ।ਅਸੀਂ ਬਰਫ ਤੇ ਖੇਡਦੇ ਰਹੇ ਸ਼ਾਮ ਹੋਣ ਵਾਲੀ ਸੀ ਇਸ ਲਈ ਅਸੀਂ ਸਾਰੇ ਉਥੋਂ ਫੋਟੋਆਂ ਖਿੱਚ ਕੇ ਵਾਪਸ ਪੈਦਲ ਤੁਰਦੇ ਆਪਣੀ ਗੱਡੀ ਤਕ ਆ ਗਏ ।



## ਰੱਬ ਰਾਖਾ ਲੋਕਾਂ ਦਾ

ਬਾਬਿਆਂ ਦੀ ਭੀੜ ਨੇ ਸੱਚ ਦੇ ਮਹਿਣੇ ਹੀ ਰੋਲਕੇ ਰੱਖ ਦਿੱਤੇ ਅਤੇ ਆਪਣੀਆਂ ਦੁਕਾਨਾਂ ਦੇ ਫਿੱਕੇ ਪਕਵਾਨ ਵੀ ਮਿੱਠੇ ਕਹਿਕੇ ਵੇਚ ਰਹੇ ਹਨ।ਕੋਈ ਰਾੜੇ ਤੇ ਕੋਈ ਭਾੜੇ ਵਾਲਾ।ਵੱਖੋ-ਵੱਖਰੇ ਬੋਰਡ ਤੇ ਵੱਖੋ-ਵੱਖਰੇ ਵਾਜੇ।ਹੋਰ ਤਾਂ ਚਲੋ ਚੱਲ ਹੀ ਰਿਹਾ ਸੀ ਆਹ ਸਿਰ ਫੇਰਨੇ ਹੀ ਵਾਧੂ ਹੱਥ ਰੰਗ ਰਹੇ ਹਨ।ਪਤਾ ਨਹੀ ਕੰਜਰਾਂ ਦੀ ਧੌਣ ਵਿੱਚ ਕਿਹੜਾ ਬੈਰਿੰਗ ਪਾਇਆ ਫਰਾਟੇ ਪੱਖੇ ਵਾਂਗੂੰ ਸਿਰਾਂ ਦੀ ਚੱਕਰੀ ਘਮਾਂਉਦੇ ਹਨ।ਸਰਕਾਰ ਚਾਹੀਦਾ ਇਹਨਾਂ ਸਾਰਿਆ ਦੀ ਰਜਿਟੇਸ਼ਨ ਕਰਕੇ ਟੈਕਸ ਦੇ ਘੇਰੇ ਵਿੱਚ ਲਿਆਵੇ।ਪਰ ਸਰਕਾਰ ਕਿਉਂ ਕਰੇ ਇਹ ਤਾਂ ਸਰਕਾਰੀ ਕਾਮੇ ਹਨ।ਸਰਕਾਰ ਦੇ ਬੁੱਧੂ ਬਣਾਉਣ ਦਾ ਕੰਮ ਇਹ ਕਰ ਰਹੇ ਹਨ।ਮੰਤਰੀ ਸੰਤਰੀ ਰੇਤਾ ਖਾਣ ਤੇ ਗਰਾਟਾਂ ਛੱਕਣ ਵਿਚ ਮਸਤ ਹਨ।ਵੈਸੈ ਤਾਂ ਸਭ ਦਾ ਫ਼ਾਇਦਾ ਪਰ ਮਾਨਸਿਕ ਰੋਗ ਵੀ ਗਰੀਬ ਦੇ ਘਰ ਵੜਦਾ ਹੈ ਤੇ ਭੂਤ ਭੂਤਨੇ ਵੀ।ਅਸਲ ਵੱਡੇ ਐਮ ਡੀ ਡਾਕਟਰ ਤਾਂ ਡੇਰਿਆਂ ਵਿੱਚ ਬੈਠੇ ਬਾਬੇ ਹਨ ਜਿਹੜੇ ਮੋਟੀ ਛਿੱਲ ਪੱਟਕੇ ਗੋਗੜਾਂ ਤੇ ਬਦਾਮ ਰੋਗਨ ਨਾਲ ਮਾਲਿਸਾਂ ਕਰਵਾ ਰਹੇ ਹਨ।ਉਹ ਭਲੇਓ ਲੋਕੋ ਦੁਨੀਆਂ ਮੰਗਲ ਗ੍ਰਹਿ ਤੇ ਪਹੁੰਚ ਗਈ ਇੱਕ ਅਸੀਂ ਹਾਂ ਜਿਹੜੇ ਬਾਬਿਆਂ ਦੇ ਕਹਿਣ ਤੇ ਮੰਗਲਵਾਰ ਨੂੰ ਨਹਾਉਂਦੇ ਨਹੀਂ।ਪਾਠੀ ਸਿੰਘ ਵੀ ਪੁੱਛਾਂ ਪਵਾ ਰਹੇ ਹਨ ਤੇ ਸਾਇੰਸ ਟੀਚਰ ਵੀ ਇਹਨਾਂ ਗੋਂਗਲੂ ਦੀ ਮਿੱਟੀ ਚੱਟਦੇ ਫਿਰਦੇ ਹਨ।ਕੀ ਢੋਲਕ ਵਾਜਾਂ ਤੇ ਕੀ ਛੈਂਣੇ ਬੱਸ ਜਿਹਨਾਂ ਕੋਈ ਵਧੀਆ ਸੁਰਾਂ ਕੱਢ ਸਕਦਾ ਹੈ ਉਹ ਉਹਨਾਂ ਵੱਡਾ ਮਹਾਂਪੁਰਸ਼ ਤੇ ਉਸਤੋਂ ਵੱਡਾ ਉਸ ਦਾ ਡੇਰਾ। ਜੇ ਕਿਸੇ ਨੂੰ ਚੁਭੇ ਤਾਂ ਮੁਆਫੀ।



ਦਾਸ ਸਿੰਘ ਕ ਜੀਤ 1 559 824 5257

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263

Website: www.preetnama.com Email preetnamausa@gmail.com

26 JULY TO 01 AUGUST, 2024




# ਹਾਈ ਬਲੱਡ ਪ੍ਰੈਸ਼ਰ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ ?



ਸੁਰਜੀਤ ਸਿੰਘ ਫਲੋਰਾ
647-829-9397

ਹਾਈ ਬਲੱਡ ਪ੍ਰੈਸ਼ਰ ਨੂੰ ਰੋਕਣ ਵਿੱਚ ਇੱਕ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣਾ ਜਰੂਰੀ ਹੈ। ਜੋ ਇੱਕ ਸੰਤੁਲਿਤ ਖੁਰਾਕ , ਘੱਟ ਸੋਡੀਅਮ ਅਤੇ ਫਲਾਂ, ਸਬਜ਼ੀਆਂ ਅਤੇ ਸਾਬਤ ਅਨਾਜ ਨਾਲ ਹੀ ਸੰਭਵ ਹੋ ਸਕਦਾ ਹੈ॥ ਨਿਯਮਤ ਸਰੀਰਕ ਗਤੀਵਿਧੀ ਵਿੱਚ ਹਿਸਾ ਲਉ। ਤਣਾਅ ਨੂੰ ਕਾਬੂ ਵਿਚ ਰੱਖੋ, ਅਤੇ ਸ਼ਰਾਬ ਦੇ ਸੇਵਨ ਨੂੰ ਸੀਮਤ ਕਰੋ। ਜੇਕਰ ਤੁਸੀਂ ਇਹਨਾਂ ਚੀਜ਼ਾ ਤੋਂ ਪ੍ਰਹੇਜ਼ ਕਰਦੇ ਹੋ ਤਾਂ ਤੁਹਾਡੇ ਸਿਹਤ ਸੰਭਾਲ ਸਮੱਸਿਆਵਾਂ ਦਾ ਬਹੁਤ ਜਲਦ ਹੱਲ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਜੈਨੇਟਿਕ ਕਾਰਕ ਇੱਕ ਭੂਮਿਕਾ ਨਿਭਾਉਂਦੇ ਹਨ, ਇਸ ਲਈ ਤੁਹਾਡੇ ਪਰਿਵਾਰਕ ਇਤਿਹਾਸ ਨੂੰ ਜਾਣਨਾ ਮਹੱਤਵਪੂਰਨ ਹੈ। ਵਿਅਕਤੀਗਤ ਸਲਾਹ ਲਈ, ਸਿਹਤ ਸੰਭਾਲ ਪੇਸ਼ੇਵਰਾਂ ਨਾਲ ਸਲਾਹ ਮਸ਼ਵਰਾਂ ਜਰੂਰ ਕਰੋ।

ਕਿਉਂਕਿ ਸਮੁੱਚੀ ਸਿਹਤ ਨੂੰ ਬਣਾਈ ਰੱਖਣ ਅਤੇ ਗੰਭੀਰ ਮੈਡੀਕਲ ਪੇਚੀਦਗੀਆਂ ਨੂੰ ਰੋਕਣ ਲਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨਾ ਜ਼ਰੂਰੀ ਹੈ। ਹਾਈ ਬਲੱਡ ਪ੍ਰੈਸ਼ਰ, ਜਾਂ ਹਾਈਪਰਟੈਨਸ਼ਨ, ਸਟ੍ਰੋਕ, ਦਿਲ ਦਾ ਦੌਰਾ, ਗੁਰਦੇ ਫੇਲ੍ਹ ਹੋਣ, ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਖੁਸ਼ਕਿਸਮਤੀ ਨਾਲ, ਜੀਵਨਸ਼ੈਲੀ ਵਿੱਚ ਬਹੁਤ ਸਾਰੇ ਬਦਲਾਅ ਆਉਂਦੇ ਹਨ ਜੋ ਤੁਸੀਂ ਆਪਣੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ।

ਜਿਵੇਂ ਕਿ ਕਸਰਤ: ਤੰਦਰੁਸਤ ਬਲੱਡ ਪ੍ਰੈਸ਼ਰ ਨੂੰ ਬਣਾਈ ਰੱਖਣ ਲਈ ਕਸਰਤ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਹੈ। ਨਿਯਮਤ ਕਸਰਤ ਤੁਹਾਨੂੰ ਭਾਰ ਘਟਾਉਣ, ਤੁਹਾਡੇ ਕੋਲੇਸਟ੍ਰੋਲ ਨੂੰ ਘਟਾਉਣ, ਅਤੇ ਤਣਾਅ ਘਟਾਉਣ ਵਿੱਚ ਮਦਦ ਕਰ ਸਕਦੀ ਹੈ, ਇਹ ਸਭ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰ ਸਕਦੇ ਹਨ। ਹਰ ਰੋਜ਼ ਘੱਟੋ-ਘੱਟ 30 ਮਿੰਟ ਦਰਮਿਆਨੀ ਸਰੀਰਕ ਗਤੀਵਿਧੀ ਲਈ ਟੀਚਾ ਰੱਖੋ, ਜਿਵੇਂ ਕਿ ਪੈਦਲ ਚੱਲਣਾ, ਜੌਗਿੰਗ, ਤੈਰਾਕੀ, ਜਾਂ ਰੋਜ਼ਾਨਾਂ ਅੱਧੇ ਘੰਟੇ ਤੋਂ ਲੱਗ ਕੇ ਇਕ ਘੰਟੇ ਤੱਕ ਸਾਈਕਲ ਚਲਾਉਣਾ ਨਾਲ ਸਰੀਰ ਹੀਂ ਨਹੀਂ ਤੰਦਰੁਸਤ ਰਹਿੰਦਾ ਸਗੋਂ ਬਲੱਡ ਪ੍ਰੈਸਰ , ਮੋਟਾਪਾ ਵਰਗੀਆਂ ਬਿਮਾਰੀਆਂ ਤੋਂ ਵੀ ਨਿਜਾਕਤ ਮਿਲਦੀ ਹੈ।

ਸਿਹਤਮੰਦ ਭੋਜਨ ਖਾਉ: ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿਚ ਰੱਖਣ ਲਈ ਸੰਤੁਲਿਤ ਭੋਜਨ ਖਾਣਾ ਮਹੱਤਵਪੂਰਨ ਹੈ। ਬਹੁਤ ਸਾਰੇ ਤਾਜ਼ੇ ਫਲ ਅਤੇ ਸਬਜ਼ੀਆਂ, ਸਾਬਤ ਅਨਾਜ ਅਤੇ ਪ੍ਰੋਟੀਨ ਖਾਣ @ਤੇ ਧਿਆਨ ਦਿਉ। ਪ੍ਰੋਸੈਸਡ ਭੋਜਨਾਂ ਅਤੇ ਸੋਡੀਅਮ, ਚਰਬੀ ਅਤੇ ਚੀਨੀ ਵਾਲੇ ਭੋਜਨਾਂ ਤੋਂ ਪਰਹੇਜ਼ ਕਰੋ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਤਣਾਅ ਘਟਾਉਂਦੇ ਹੋ। ਤਣਾਅ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਵਧਾ ਸਕਦਾ ਹੈ। ਤਣਾਅ ਘਟਾਉਣ ਦੇ ਸਿਹਤਮੰਦ ਤਰੀਕੇ ਲੱਭਣ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਯੋਗਾ, ਧਿਆਨ, ਜਾਂ ਡੂੰਘੇ ਸਾਹ ਲੈਣ ਦੇ ਅਭਿਆਸ।

ਇਸ ਦੇ ਨਾਲ ਹੀ ਜੇਕਰ ਤੁਸੀਂ ਸਿਗਰਟਨੋਸ਼ੀ ਕਰਦੇ ਹੋ ਉਸ ਨੂੰ ਛੱਡ ਦੇਵੋਂ ਕਿਉਂਕਿ ਸਿਗਰਟਨੋਸ਼ੀ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਵਧਣ ਦਾ ਕਾਰਨ ਬਣ ਸਕਦੀ ਹੈ, ਇਸ ਲਈ ਜੇਕਰ ਤੁਸੀਂ ਸਿਗਰਟ ਪੀਂਦੇ ਹੋ, ਤਾਂ ਛੱਡਣਾ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣ ਵਿੱਚ ਮਦਦ ਕਰ ਸਕਦਾ ਹੈ। ਇਸ ਦੇ ਨਾਲ ਹੀ, ਅਲਕੋਹਲ ਨੂੰ ਸੀਮਤ ਕਰੋ: ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ, ਇਸ ਲਈ ਆਪਣੀ ਸ਼ਰਾਬ ਤੇ ਜਿੰਨਾਂ ਵੀ ਕਾਬੂ ਪਾ ਸਕਦੇ ਹੋ ਪਾਉ ਜਾਂ ਇਸ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕਰੋ।

ਪੂਰੀ ਨੀਂਦ ਲਓ: ਲੋੜੀਂਦੀ ਨੀਂਦ ਨਾ ਲੈਣ ਨਾਲ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਹਰ ਰਾਤ ਘੱਟੋ-ਘੱਟ ਸੱਤ ਤੋਂ ਨੌ ਘੰਟੇ ਸੌਣ ਦਾ ਟੀਚਾ ਰੱਖੋ। ਇਸ ਦੇ ਨਾਲ ਹੀ ਨਿਯਮਿਤ ਤੌਰ @ਤੇ ਆਪਣੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਦੇ ਰਹੋ। ਜੇਕਰ ਇਹ ਬਹੁਤ ਜ਼ਿਆਦਾ ਹੈ, ਤਾਂ ਤੁਹਾਡਾ ਡਾਕਟਰ ਇਸਨੂੰ ਰੋਕਣ ਵਿੱਚ ਮਦਦ ਲਈ ਦਵਾਈਆਂ ਲਿਖ ਸਕਦਾ ਹੈ।

ਭਾਰ ਦਾ ਵਧਣਾ, ਖਾਸ ਤੌਰ ਤੇ ਪੇਟ ਦਾ ਬਾਹਰ ਨੂੰ ਆਉਣਾ ਨਾਲ ਜ਼ਿਆਦਾ ਭਾਰ ਹੋਣ ਨਾਲ ਤੁਹਾਡੇ ਦਿਲ @ਤੇ ਦਬਾਅ ਪੈ ਸਕਦਾ ਹੈ ਅਤੇ ਤੁਹਾਡਾ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਜਿਸ ਲਈ ਸਿਹਤਮੰਦ ਖੁਰਾਕ ਖਾ ਕੇ ਅਤੇ ਨਿਯਮਿਤ ਤੌਰ @ਤੇ ਕਸਰਤ ਕਰਕੇ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ ਦੀ ਕੋਸ਼ਿਸ਼ ਕਰਨੀ ਚਾਹਿੰਦੀ ਹੈ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਕੋਈ ਵੀ ਭੋਜਨ ਜਾਦੂਈ ਤੌਰ @ਤੇ ਹਾਈ ਬਲੱਡ ਪ੍ਰੈਸ਼ਰ ਨੂੰ ÷ਘੱਟ÷ ਨਹੀਂ ਕਰ ਸਕਦਾ ਹੈ। ਹਾਲਾਂਕਿ, ਇੱਕ ਸਿਹਤਮੰਦ ਜੀਵਨ ਸ਼ੈਲੀ ਦੇ ਹਿੱਸੇ ਵਜੋਂ ਕੁਝ ਖਾਸ ਭੋਜਨਾਂ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨਾ ਬਲੱਡ ਪ੍ਰੈਸ਼ਰ ਨੂੰ ਕੁਦਰਤੀ ਤੌਰ @ਤੇ ਪ੍ਰਬੰਧਨ ਅਤੇ ਘੱਟ ਕਰਨ ਵਿੱਚ ਮਦਦ ਕਰ ਸਕਦਾ ਹੈ। ਇੱਥੇ ਕੁਝ ਮੁੱਖ ਫ਼ਲ ਅਤੇ ਸਬਜੀਆਂ ਵਾਰੇ ਉਦਾਹਰਨ ਦਿੰਦੇ ਹਾਂ ਜਿਵੇਂ ਕਿ:

ਪੱਤੇਦਾਰ ਹਰੀਆਂ ਸਬਜ਼ੀਆਂ ਜਿਵੇਂ ਪਾਲਕ, ਗੋਭੀ ਅਤੇ ਸਾਗ ਵਿੱਚ ਨਾਈਟ੍ਰੇਟ ਦੀ ਮਾਤਰਾ ਵਧੇਰੇ ਹੁੰਦੀ ਹੈ, ਜੋ ਖੂਨ ਦੀਆਂ ਨਾੜੀਆਂ ਨੂੰ ਫੈਲਾਉਣ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰਦੀ ਹੈ। ਇਸ ਦੇ ਨਾਲ ਹੀ ਬੇਰੀਆਂ, ਖਾਸ ਤੌਰ @ਤੇ ਬਲੂਬੈਰੀ, ਐਂਟੀਆਕਸੀਡੈਂਟਸ ਅਤੇ ਪੌਦਿਆਂ ਦੇ ਮਿਸ਼ਰਣ ਨਾਲ ਭਰਪੂਰ ਹੁੰਦੇ ਹਨ ਜੋ ਖੂਨ ਦੀਆਂ ਨਾੜੀਆਂ ਦੇ ਕੰਮ ਨੂੰ ਸੁਧਾਰ ਸਕਦੇ ਹਨ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰ ਸਕਦੇ ਹਨ।

ਫੈਟੀ ਮੱਛੀ ਜਿਵੇਂ ਕਿ ਸਾਲਮਨ, ਮੈਕਰੇਲ ਅਤੇ ਸਾਰਡਾਈਨ ਵਿੱਚ ਉਮੇਗਾ -3 ਫੈਟੀ ਐਸਿਡ ਦੀ ਮਾਤਰਾ ਵਧੇਰੇ ਹੁੰਦੀ ਹੈ, ਜਿਸ ਵਿੱਚ ਸਾੜ ਵਿਰੋਧੀ ਪ੍ਰਭਾਵ ਹੁੰਦੇ ਹਨ ਅਤੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਇਸ ਦੇ ਨਾਲ ਹੀ ਬੀਨਜ਼, ਦਾਲ ਅਤੇ ਹੋਰ ਫਲ਼ੀਦਾਰ ਫਾਈਬਰ, ਮੈਗਨੀਸ਼ੀਅਮ ਅਤੇ ਪੋਟਾਸ਼ੀਅਮ ਵਿੱਚ ਲਾਂਭਦਾਇਕ ਹੁੰਦੇ ਹਨ, ਇਹ ਸਾਰੇ ਹਾਈਪਰਟੈਨਸ਼ਨ ਦੇ ਪ੍ਰਬੰਧਨ ਵਿੱਚ ਮਦਦ ਕਰ ਸਕਦੇ ਹਨ ਅਤੇ ਲਸਣ ਵਿੱਚ ਅਜਿਹੇ ਮਿਸ਼ਰਣ ਹੁੰਦੇ ਹਨ ਜੋ ਖ਼ੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹਨ।

ਬਰਾਊਨ ਰਾਈਸ, ਉਟਸ ਵਰਗੇ ਸਾਬਤ ਅਨਾਜ ਫਾਈਬਰ ਅਤੇ ਮੈਗਨੀਸ਼ੀਅਮ ਦੇ ਚੰਗੇ ਸਰੋਤ ਹਨ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰ ਸਕਦੇ ਹਨ। ਮੁੱਖ ਗੱਲ ਇਹ ਹੈ ਕਿ ਫਲਾਂ, ਸਬਜ਼ੀਆਂ, ਘੱਟ ਪ੍ਰੋਟੀਨ ਅਤੇ ਸਾਬਤ ਅਨਾਜ ਨਾਲ ਭਰਪੂਰ ਖੁਰਾਕ @ਤੇ ਧਿਆਨ ਕੇਂਦਰਿਤ ਕਰਨਾ ਹੈ ਜਦੋਂ ਕਿ ਸੋਡੀਅਮ, ਸੰਤ੍ਰਿਪਤ ਚਰਬੀ, ਅਤੇ ਜੋੜੀ ਗਈ ਸ਼ੱਕਰ ਨੂੰ ਸੀਮਤ ਕਰਨਾ। ਇਹ ਖੁਰਾਕ ਤਬਦੀਲੀਆਂ, ਨਿਯਮਤ ਕਸਰਤ ਦੇ ਨਾਲ, ਹਾਈ ਬਲੱਡ ਪ੍ਰੈਸ਼ਰ ਦੇ ਪ੍ਰਬੰਧਨ ਵਿੱਚ ਪ੍ਰਭਾਵਸ਼ਾਲੀ ਹੋ ਸਕਦੀਆਂ ਹਨ। ਖੁਰਾਕ ਸੰਬੰਧੀ ਮਹੱਤਵਪੂਰਨ ਤਬਦੀਲੀਆਂ ਕਰਨ ਤੋਂ ਪਹਿਲਾਂ ਆਪਣੀਆਂ ਖਾਸ ਲੋੜਾਂ ਅਤੇ ਦਵਾਈਆਂ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰੋ- ਖਾਸ ਕਰਕੇ ਜੇਕਰ ਤੁਹਾਨੂੰ ਹਾਈ ਬਲੱਡ ਪ੍ਰੈਸ਼ਰ ਹੈ। ਹਾਲਾਂਕਿ ਇਹ ਭੋਜਨ ਸੰਭਾਵੀ ਲਾਭ ਪ੍ਰਦਾਨ ਕਰਦੇ ਹਨ, ਯਾਦ ਰੱਖੋ ਕਿ ਹਾਈ ਬਲੱਡ ਪ੍ਰੈਸ਼ਰ ਦੇ ਪ੍ਰਬੰਧਨ ਲਈ ਇੱਕ ਵਿਆਪਕ ਪਹੁੰਚ ਦੀ ਲੋੜ ਹੁੰਦੀ ਹੈ। ਵਿਅਕਤੀਗਤ ਸਲਾਹ ਲਈ ਆਪਣੇ ਡਾਕਟਰ ਨਾਲ ਸਲਾਹ ਜਰੂਰ ਕਰੋ ਅਤੇ ਆਪਣਿਆਂ ਖਾਸ ਲੋੜਾਂ ਮੁਤਾਬਕ ਇਲਾਜ ਸ਼ੁਰੂ ਕਰਵਾਉ ਜਿਸ ਵਿਚ ਹੀ ਤੰਦਰੁਸਤ ਅਤੇ ਸਿਹਤਮੰਦ ਰਹਿਣ ਦਾ ਜ਼ਰੀਆਂ ਹੈ।

# ਡੇਂਗੂ ਦੀ ਰੋਕਥਾਮ: ਸੁਰੱਖਿਅਤ ਕੱਲ੍ਹ ਲਈ ਸਾਡੀ ਜ਼ਿੰਮੇਵਾਰੀ

## ਆਓ ਜਾਣਦੇ ਹਾਂ ਡੇਂਗੂ ਦੀ ਬਿਮਾਰੀ ਦੇ ਲੱਛਣ, ਰੋਕਥਾਮ ਦੇ ਤਰੀਕੇ ਅਤੇ ਇਲਾਜ



ਰਾਸ਼ਟਰੀ ਡੇਂਗੂ ਦਿਵਸ ਹਰ ਸਾਲ ਮਨਾਇਆ ਜਾਂਦਾ ਹੈ । ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਵਿੱਚ ਡੇਂਗੂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ। ਆਓ ਜਾਣਦੇ ਹਾਂ ਡੇਂਗੂ ਦੇ ਲੱਛਣ ਅਤੇ ਇਸ ਤੋਂ ਬਚਾਅ ਦੇ ਉਪਾਅ ।ਅੱਜ ਦੇ ਸਮੇਂ ਵਿੱਚ ਡੇਂਗੂ ਵਿਸ਼ਵ ਭਰ ਵਿੱਚ ਇੱਕ ਗੰਭੀਰ ਬਿਮਾਰੀ ਦੇ ਰੂਪ ਵਿੱਚ ਉਭਰਿਆ ਹੈ। ਹਰ ਸਾਲ ਲੱਖਾਂ ਲੋਕ ਇਸ ਜਾਨਲੇਵਾ ਬੀਮਾਰੀ ਕਾਰਨ ਮਰਦੇ ਹਨ। ਸਾਡੇ ਦੇਸ਼ ਵਿੱਚ ਵੀ ਹਰ ਸਾਲ ਵੱਡੀ ਗਿਣਤੀ ਵਿੱਚ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ । ਇਹੀ ਕਾਰਨ ਹੈ ਕਿ ਡੇਂਗੂ ਦੀ ਬਿਮਾਰੀ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ ਰਾਸ਼ਟਰੀ ਡੇਂਗੂ ਦਿਵਸ ਮਨਾਇਆ ਜਾਂਦਾ ਹੈ । ਡੇਂਗੂ ਦੀ ਬਿਮਾਰੀ ਏਡੀਜ਼ ਮੱਛਰ ਦੇ ਕੱਟਣ ਨਾਲ ਹੁੰਦੀ ਹੈ ਅਤੇ ਇਸ ਵਿਚ ਮਰੀਜ਼ ਦੇ ਸਰੀਰ ਵਿਚ ਪਲੇਟਲੈਟਸ ਤੇਜ਼ੀ ਨਾਲ ਘਟਣ ਲੱਗਦੇ ਹਨ । ਜੇਕਰ ਪਲੇਟਲੈਟਸ ਬਹੁਤ ਘੱਟ ਹੋ ਜਾਣ ਤਾਂ ਇਸ ਨਾਲ ਮਰੀਜ਼ ਦੀ ਮੌਤ ਵੀ ਹੋ ਜਾਂਦੀ ਹੈ ।ਮੌਨਸੂਨ ਸ਼ੁਰੂ ਹੁੰਦੇ ਹੀ ਡੇਂਗੂ ਦੇ ਕੇਸ ਸਾਹਮਣੇ ਆਉਣੇ ਸ਼ੁਰੂ ਹੋ ਜਾਂਦੇ ਹਨ । ਦਰਅਸਲ, ਡੇਂਗੂ ਦਾ ਲਾਰਵਾ ਖੜ੍ਹੇ ਸਾਫ਼ ਪਾਣੀ ਵਿੱਚ ਹੀ ਪਨਪਦਾ ਹੈ, ਅਜਿਹੀ ਸਥਿਤੀ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਕਾਰਨ ਡੇਂਗੂ ਫੈਲਣ ਦੀ ਸੰਭਾਵਨਾ ਵੱਧ ਜਾਂਦੀ ਹੈ। ਡੇਂਗੂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹਰ ਸਾਲ 16 ਮਈ ਨੂੰ ਰਾਸ਼ਟਰੀ ਡੇਂਗੂ ਦਿਵਸ ਵਜੋਂ ਮਨਾਇਆ ਜਾਂਦਾ ਹੈ । ਇਹ ਇੱਕ ਮੱਛਰ ਤੋਂ ਪੈਦਾ ਹੋਣ ਵਾਲੀ ਵਾਇਰਲ ਇਨਫੈਕਸ਼ਨ ਹੈ । ਇਹ 100 ਤੋਂ ਵੱਧ ਦੇਸ਼ਾਂ ਵਿੱਚ ਸਧਾਰਣ ਜਿਹੀ ਗੱਲ ਹੈ ਅਤੇ ਦੁਨੀਆਂ ਦੀ ਲਗਭਗ ਅੱਧੀ ਆਬਾਦੀ ਇਸ ਦੇ ਸੰਕਰਮਣ ਦੇ ਜ਼ੋਖਮ ਵਿੱਚ ਹੈ । ਦਵਾਈ ਵਿੱਚ ਤਰੱਕੀ ਅਤੇ ਐਂਟੀ-ਵਾਇਰਲ ਦਵਾਈਆਂ ਦੇ ਵਿਕਾਸ ਨਾਲ ਹੁਣ ਡੇਂਗੂ ਦਾ ਇਲਾਜ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੰਭਵ ਹੈ। ਹਾਲਾਂਕਿ ਇਹ ਬਿਮਾਰੀ 100 ਤੋਂ ਵੱਧ ਦੇਸ਼ਾਂ ਵਿੱਚ ਪਸਰੀ ਹੋਈ ਹੈ ਅਤੇ ਦੁਨੀਆਂ ਦੀ ਲਗਭਗ ਅੱਧੀ ਅਬਾਦੀ ਇਸ ਦੇ ਸੰਕਰਮਣ ਦੇ ਜ਼ੋਖਮ ਵਿੱਚ ਹੈ। 2024 **ਲਈ ਰਾਸ਼ਟਰੀ ਡੇਂਗੂ ਦਿਵਸ ਦੀ ਥੀਮ ਡੇਂਗੂ ਦੀ ਰੋਕਥਾਮ: ਸੁਰੱਖਿਅਤ ਕੱਲ੍ਹ ਲਈ ਸਾਡੀ ਜ਼ਿੰਮੇਵਾਰੀ** ਰੱਖਿਆ ਗਿਆ ਹੈ । ਡੇਂਗੂ ਦੀ ਰੋਕਥਾਮ ਅਤੇ ਇਸ ਨੂੰ ਕਾਬੂ ਕਰਨਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ। ਅਸੀਂ ਇਕੱਠੇ ਇਸ ਸਮੱਸਿਆ ਦਾ ਹੱਲ ਲੱਭ ਸਕਦੇ ਹਾਂ। ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ, ਭਾਰਤ ਸਰਕਾਰ ਦੁਆਰਾ 16 ਮਈ ਨੂੰ ਰਾਸ਼ਟਰੀ ਡੇਂਗੂ ਦਿਵਸ ਦੇ ਰੂਪ ਵਿਚ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

**ਆਓ ਜਾਣਦੇ ਹਾਂ ਡੇਂਗੂ ਦੀ ਬਿਮਾਰੀ ਦੇ ਲੱਛਣ, ਰੋਕਥਾਮ ਦੇ ਤਰੀਕੇ ਅਤੇ ਇਲਾਜ:**

**ਡੇਂਗੂ ਦੀ ਬਿਮਾਰੀ ਦੇ ਲੱਛਣ** :-

ਜੁਲਾਈ ਤੋਂ ਅਕਤੂਬਰ ਤੱਕ ਦੇ ਮਹੀਨੇ ਡੇਂਗੂ ਦੇ ਲਾਰਵੇ ਦੇ ਵਧਣ-ਫੁੱਲਣ ਲਈ ਅਨੁਕੂਲ ਹੁੰਦੇ ਹਨ । ਦਰਅਸਲ ਇਸ ਸਮੇਂ ਦੌਰਾਨ ਬਰਸਾਤ ਕਾਰਨ ਪਾਣੀ ਖੜਨ ਦੀ ਸੰਭਾਵਨਾ ਹੈ, ਜਿਸ ਕਾਰਨ ਇਸ ਪਾਣੀ ਵਿੱਚ ਡੇਂਗੂ ਦਾ ਲਾਰਵਾ ਪੈਦਾ ਹੋ ਸਕਦਾ ਹੈ । ਡੇਂਗੂ ਦੇ ਕਈ ਤਰ੍ਹਾਂ ਦੇ ਸ਼ੁਰੂਆਤੀ ਲੱਛਣ ਦੇਖੇ ਜਾ ਸਕਦੇ ਹਨ । ਅਚਾਨਕ ਤੇਜ਼ ਬੁਖਾਰ - ਗੰਭੀਰ ਸਿਰ ਦਰਦ-ਅੱਖਾਂ ਦੇ ਪਿੱਛੇ ਦਰਦ -ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਤੇਜ਼ ਦਰਦ-ਥਕਾਵਟ ਉਲਟੀਆਂ-ਮਤਲੀ- ਚਮੜੀ ’ਤੇ ਧੱਫੜ - ਨੱਕ, ਮਸੂੜਿਆਂ ਤੋਂ ਥੋੜ੍ਹਾ ਜਿਹਾ ਖੂਨ ਵਹਿਣਾ।

**ਡੇਂਗੂ ਤੋਂ ਬਚਣ ਦੇ ਤਰੀਕੇ —**

ਡੇਂਗੂ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਹੈ ਆਪਣੇ ਆਪ ਨੂੰ ਸੰਕਰਮਿਤ ਏਡੀਜ਼ ਮੱਛਰ ਦੇ ਕੱਟਣ ਤੋਂ ਬਚਾਉਣਾ। ਇਸ ਦੇ ਨਾਲ ਹੀ ਘਰਾਂ ਦੇ ਆਲੇ-ਦੁਆਲੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਉਪਾਅ ਕਰਨੇ ਵੀ ਜ਼ਰੂਰੀ ਹਨ।

ਘਰ ਦੇ ਅੰਦਰ ਮੱਛਰਾਂ ਨੂੰ ਭਜਾਉਣ ਲਈ ਕਵਾਇਲ ਜਾਂ ਲਿਕਵਿਡ ਪਦਾਰਥ ਦੀ ਵਰਤੋਂ ਕਰੋ । ਘਰ ਦੀਆਂ ਸਾਰੀਆਂ ਖਿੜਕੀਆਂ ਅਤੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਰੱਖੋ ।

ਸੌਂਦੇ ਸਮੇਂ ਮੱਛਰਦਾਨੀ ਦੀ ਵਰਤੋਂ ਕਰੋ।

ਘਰ ਦੀ ਛੱਤ ’ਤੇ ਰੱਖੇ ਗਮਲੇ, ਬਰਤਨ ਜਾਂ ਹੋਰ ਕਿਸੇ ਵੀ ਚੀਜ਼ ’ਚ ਪਾਣੀ ਜਮ੍ਹਾ ਨਾ ਹੋਣ ਦਿਓ । ਇਸ ਵਿੱਚ ਡੇਂਗੂ ਦਾ ਲਾਰਵਾ ਪੈਦਾ ਹੋ ਸਕਦਾ ਹੈ । ਆਪਣੇ ਘਰ ਤੋਂ ਇਲਾਵਾ ਆਲੇ-ਦੁਆਲੇ ਦੀਆਂ ਥਾਵਾਂ ’ਤੇ ਪਾਣੀ ਇਕੱਠਾ ਨਾ ਹੋਣ ਦਿਓ, ਨਹੀਂ ਤਾਂ ਉਸ ਵਿੱਚ ਵੀ ਡੇਂਗੂ ਦਾ ਲਾਰਵਾ ਤੇਜ਼ੀ ਨਾਲ ਫੈਲਦਾ ਹੈ । ਕੂਲਰ ਵਿੱਚ ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਨਾ ਰਹਿਣ ਦਿਓ । ਘਰ ਵਿੱਚ ਮੌਜੂਦ ਬਰਤਨਾਂ ਅਤੇ ਹੋਰ ਚੀਜ਼ਾਂ ਵਿੱਚ ਪਾਣੀ ਜਮ੍ਹਾ ਨਾ ਹੋਣ ਦਿਓ।

ਅਜਿਹੇ ਕਪੜੇ ਪਾਉ, ਜਿਸ ਵਿਚ ਹੱਥ-ਪੈਰ ਖੁੱਲ੍ਹੇ ਨਾ ਰਹਿਣ । ਸਰੀਰ ਦੇ ਸਾਰੇ ਅੰਗ ਢੱਕੇ ਹੋਏ ਹੋਣੇ ਚਾਹੀਦੇ ਹਨ।

ਜੇਕਰ ਤੁਹਾਨੂੰ ਡੇਂਗੂ ਹੋ ਜਾਂਦਾ ਹੈ, ਤਾਂ ਕੀ ਕਰਨਾ ਚਾਹੀਦਾ ਹੈ ?

ਖ਼ੂਬ ਆਰਾਮ ਕਰੋ ।

ਵੱਧ ਤੋਂ ਵੱਧ ਮਾਤਰਾ ਵਿੱਚ ਤਰਲ ਪਦਾਰਥ ਪੀਓ ।

ਦਰਦ ਲਈ ਪੈਰਾਸੀਟਾਮੋਲ ਦਵਾਈ ਦੀ ਵਰਤੋਂ ਕਰੋ ।

ਗੈਰ-ਸਟੀਰੌਇਡਲ ਐਂਟੀ-ਇਨਫਲੇਮੇਟਰੀ ਦਵਾਈਆਂ ਜਿਵੇਂ ਕਿ ਆਈਬਿਊਪਰੋਫ਼ੈਨ ਅਤੇ ਐਸਪਰੀਨ ਤੋਂ ਬਚੋ ।

ਗੰਭੀਰ ਲੱਛਣਾਂ ’ਤੇ ਨਜ਼ਰ ਰੱਖੋ ਅਤੇ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਨਾਲ ਸੰਪਰਕ ਕਰੋ ।

ਬਰਸਾਤਾਂ ਦੇ ਮੌਸਮ ਦੌਰਾਨ ਥੋੜ੍ਹੇ ਜਿਹੇ ਬੁਖ਼ਾਰ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਹੈ।

ਹੁਣ ਤੱਕ ਕੁਝ ਦੇਸ਼ਾਂ ਵਿੱਚ ਇੱਕ ਵੈਕਸੀਨ (ਡੇਂਗਵੈਕਸੀਆ) ਨੂੰ ਮਨਜ਼ੂਰੀ ਦਿੱਤੀ ਗਈ ਹੈ ।ਡੇਂਗੂ ਦੇ ਲੱਛਣ ਦਿਖਣ ’ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ । ਸਮੇਂ-ਸਮੇਂ ’ਤੇ ਮੱਛਰ ਭਜਾਉਣ ਵਾਲੀਆਂ ਦਵਾਈਆਂ ਦਾ ਛਿੜਕਾਅ ਕਰੋ । ਇਸ ਤਰ੍ਹਾਂ ਅਸੀਂ ਆਲੇ ਦੁਆਲੇ ਨੂੰ ਸਾਫ ਰੱਖ ਕੇ ਸਵੱਛ ਭਾਰਤ ਤੰਦਰੁਸਤ ਭਾਰਤ ਦੀ ਮੁਹਿੰਮ ਨੂੰ ਪੂਰਾ ਕਰ ਸਕਦੇ ਹਾਂ ਅਤੇ ਨਾਲ਼ ਹੀ ਡੇਂਗੂ ਜਿਹੇ ਭਿਆਨਕ ਰੋਗ ਤੋਂ ਛੁਟਕਾਰਾ ਪਾ ਸਕਦੇ ਹਾਂ।

# ਕਹਾਣੀ : ਸੈਕਿੰਡ ਲਾਈਫ

ਸਤਨਾਮ ਸਿੰਘ ਸਰਕਾਰੀ ਮਹਿਕਮੇ ਵਿਚ ਇਕ ਉਚ ਅਫ਼ਸਰ ਸੀ। ਉਸ ਦੀ ਇਕ ਹੀ ਲੜਕੀ ਸੀ ਜੋ ਕਿ ਅਮਰੀਕਾ ਦੇ ਇਕ ਸ਼ਹਿਰ ਵਿਚ ਵਿਆਹੀ ਹੋਈ ਸੀ। ਅਤੇ ਉਥੇ ਹੀ ਅਪਣੇ ਸ਼ਹੁਰੇ ਪਰਿਵਾਰ ਵਿਚ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਸੀ। ਸਤਨਾਮ ਸਿੰਘ ਦੀ ਪਤਨੀ ਸਰਕਾਰੀ ਹਾਈ ਸਕੂਲ ਦੀ ਪ੍ਰਿੰਸੀਪਲ। ਉਹ ਬਹੁਤ ਹੀ ਨੇਕ ਤੇ ਸਾਊ ਸੁਭਾਅ ਦੀ ਔਰਤ ਸੀ। ਈਮਾਨਦਾਰੀ ਅਤੇ ਅਨੁਸ਼ਾਸਨ ਵਿਚ ਪਰਿਪੱਕਤਾ ਰੱਖਣ ਵਾਲੀ ਔਰਤ।

ਲਗਭਗ 56 ਸਾਲ ਦੀ ਉਮਰ ਵਿਚ ਸਤਨਾਮ ਸਿੰਘ ਦੀ ਪਤਨੀ ਕੈਂਸਰ ਦੀ ਬਿਮਾਰੀ ਹੋਣ ਕਰਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਈ। ਸਤਨਾਮ ਸਿੰਘ ਹੁਣ ਇਕੱਲਾ ਰਹਿ ਗਿਆ ਸੀ। ਉਸ ਕੋਲ ਨੌਕਰ ਚਾਕਰ, ਵੱਡੀ ਕੋਠੀ, ਕਾਰ ਆਦਿ ਜੀਵਨ ਦੀਆਂ ਸਭ ਸਹੂਲਤਾਂ ਤਾਂ ਸਨ ਪਰ ਇਕੱਲਾਪਣ ਉਸ ਦੀ ਜ਼ਿੰਦਗੀ ਨੂੰ ਉਦਾਸ ਕਰਨ ਲੱਗਾ। ਏਡੀ ਵੱਡੀ ਕੋਠੀ ਵਿਚ ਇਕੱਲਾ ਰਹਿਣਾ ਕੋਈ ਸੌਖਾ ਕੰਮ ਨਹੀਂ ਸੀ। ਇਕੱਲਤਾ ਮਨੁੱਖ ਦਿਮਾਗ਼ੀ ਦਵੰਦ ਵਿਚ ਵਾੜ ਦਿੰਦੀ ਹੈ ਅਤੇ ਦਿਮਾਗ਼ੀ ਸੰਤੁਲਿਨ ਵੀ ਵਿਗੜ ਦਿੰਦੀ ਹੈ।

ਕੁਝ ਸਾਲਾਂ ਦੇ ਬਾਅਦ ਸਤਨਾਮ ਸਿੰਘ ਸੇਵਾ ਮੁਕਤ ਹੋ ਗਿਆ। ਇਸ ਕਰਕੇ ਉਹ ਹੋਰ ਵੀ ਇਕੱਲਾ ਹੋ ਗਿਆ। ਭਾਵੇਂ ਉਸ ਨੇ ਕਈ ਸਮਾਜ ਸੇਵੀ ਰੁਝੇਵੇਂ ਅਪਣਾ ਲਏ ਸਨ ਪਰ ਘਰ ਦੀ ਇਕੱਲਤਾ ਆਦਮੀ ਨੂੰ ਘੁਣ ਵਾਂਗ ਭੋਰਾ-ਭੋਰਾ ਕਰਕੇ ਭੋਰ ਦਿੰਦੀ ਹੈ।

ਇਕ ਦਿਨ ਅਮਰੀਕਾ ਚੋਂ ਉਸ ਦੀ ਬੇਟੀ ਅਤੇ ਦਾਮਾਦ ਦਾ ਫ਼ੋਨ ਆਇਆ ਕਿ ਪਾਪਾ, ਅਸੀਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀਆਂ। ਗੱਲ ਤਾਂ ਕਰਨੀ ਏ ਜੇ ਤੁਸੀ ਸਾਡਾ ਕਹਿਣਾ ਮੰਨ ਲੋਵੇਗੇ ਤਾਂ, ਪਾਪਾ, ਕੀ ਤੁਸੀ ਸਾਡਾ ਕਹਿਣਾ ਮੰਨ ਲਵੋਗੇ ਤਾਂ ਤੁਸੀ ਪਰਾਂਮਿਸ ਕਰੋ ਕਿ ਸਾਨੂੰ ਨਾਹ ਨਹੀਂ ਕਰੋਗੇ।

ਸਤਨਾਮ ਸਿੰਘ ਨੇ ਬੜੀ ਹਲੀਮੀ ਪੂਰਵਕ ਅੰਦਾਜ਼ ਵਿਚ ਕਿਹਾ, ਮੇਰੇ ਪਿਆਰੇ ਬੇਟੇ, ਤੁਹਾਡੇ ਨਾਲ ਹੀ ਮੇਰਾ ਸਾਰਾ ਜਹਾਨ ਹੈ, ਤੁਹਾਡੇ ਤੋਂ ਸਿਵਾਏ ਇਸ ਦੁਨੀਆਂ ਵਿਚ ਮੇਰਾ ਕੌਣ ਏ? ਮੈਂ ਵਾਅਦਾ ਕਰਦਾ ਹਾਂ ਕਿ ਮੈਂ ਅਪਣੀ ਬੇਟੀ ਦੀ ਹਰ ਖ਼ਵਾਹਿਸ਼ ਪੂਰੀ ਕਰ ਸਕਾਂ, ਬੇਟੇ ਤੁਸੀ ਜੋ ਵੀ ਕਵੋਂ ਮੈਂ ਤੁਹਾਡੀ ਹਰ ਗੱਲ ਮੰਨ ਲਵਾਂਗਾ, ਹੋਰ ਦੱਸੋ ਬੇਟੇ, ਤੁਸੀ ਹੁਕਮ ਕਰੋ?

ਨਹੀਂ, ਪਾਪਾ ਜੀ ਹੁਕਮ ਨਹੀਂ, ਇਕ ਹੱਥ ਜੋੜ ਕੇ ਸਾਡੀ ਬੇਨਤੀ ਹੈ ਕਿ..... ਪਾਪਾ ਜੀ.....ਪਾਪਾ ਜੀ।

ਹਾਂ, ਹਾਂ ਬੇਟੇ ਦੱਸੋ? ਕੀ ਗੱਲ ਏ? ਪਾਪਾ...ਪਾਪਾ ਬੇਟੀ ਨੇ ਝਿਜਕਦੇ ਝਿਜਕਦੇ ਹੌਲੀ ਜਿਹੀ ਕਿਹਾ।

ਹਾਂ, ਬੇਟੇ ਗੱਲ ਤਾਂ ਕਰੋ, ਕੀ ਗੱਲ ਏ? ਤੁਸੀ ਘਬਰਾਏ ਹੋਏ ਕਿਉ ਹੋ? ਏਸ ਤਰ੍ਹਾਂ ਕਦੀ ਵੀ ਮੇਰੇ ਨਾਲ ਅਜ ਤਕ ਤੁਸੀ ਗੱਲ ਨਹੀਂ ਕੀਤੀ, ਜਿਸ ਤਰ੍ਹਾਂ ਝਕਦੇ ਹੋਏ, ਸ਼ਰਮਾ ਦੇ ਹੋਏ ਘਬਰਾਹਟ ਵਿੱਚ ਗੱਲ ਕਰ ਰਹੇ ਹੋ, ਬੇਟਾ, ਜਲਦੀ ਦੱਸੋ ਆਖ਼ਿਰ ਬੇਟੇ ਗੱਲ ਹੈ ਕੀ?

ਪਾਪਾ, ਅਸੀਂ ਇਕ ਗੱਲ ਕਹਿਣਾ ਚਾਹੁੰਦੇ ਹਾਂ।

ਬੇਟੇ, ਕੋਈ ਗੱਲ ਦੱਸੋ ਵੀ ਤਾਂ ਸਹੀ। ਗੱਲ ਹੈ ਕੀ? ਜਿਹੜੀ ਏਨੀ ਭੁਲ ਭੁਲੱਈਆਂ ਵਿਚ ਹੈ, ਸਹਿਜ ਵਿਚ ਨਹੀਂ ਕੀਤੀ ਜਾ ਸਕਦੀ। ਦਸੋਂ ਕੀ ਗੱਲ ਏ?

ਪਾਪਾ, ਅਸੀਂ ਕਹਿਣਾ ਚਾਹੁੰਦੇ ਹਾਂ ਕਿ ਘਰ ਵਿਚ ਤੁਸੀ ਇਕੱਲੇ ਰਹਿੰਦੇ ਹੋ, ਏਡੀ ਵੱਡੀ ਕੋਠੀ ਹੈ, ਨੌਕਰ ਚਾਕਰ ਹਨ, ਏਨੀ ਸ਼ਹਿਰ ਵਿਚ ਪ੍ਰਾਪਰਟੀ ਹੈ। ਅਮਰੀਕਾ ਤੁਸੀ ਆਉਣਾ ਨਹੀਂ ਚਾਹੁੰਦੇ। ਕਿਵੇਂ ਟਾਈਮ ਪਾਸ ਕਰਦੇ ਹੋਵੋਗੇ, ਤੁਹਾਡਾ ਖਿਆਲ ਕੌਣ ਰੱਖ ਸਕਦਾ ਹੈ? ਮੰਮਾਂ ਤੋਂ ਬਗੈਰ ਤੁਸੀ ਕਿਵੇਂ ਸਮਾਂ ਬਤੀਤ ਕਰਦੇ ਹੋ? ਮੰਮਾ ਤੁਹਾਡੀ ਹਰ ਖ਼ਾਹਿਸ਼, ਹਰ ਗੱਲ ਦਾ ਖ਼ਿਆਲ ਰੱਖਦੇ ਸੀ, ਨਿੱਕੀ ਨਿੱਕੀ ਗੱਲ ਦਾ ਖ਼ਿਆਲ ਰੱਖਦੇ ਸੀ। ਸਮੇਂ ਸਿਰ ਖਾਣਾ ਦੇਣਾ, ਨੁਹਾਉਣ ਦਾ ਸਾਮਾਨ ਦੇਣਾ, ਪੱਗ ਦੀ ਪੂਣੀ ਕਰਵਾਉਣੀ, ਤੁਹਾਡੀ ਹਰ ਗੱਲ ਦਾ ਖਿਆਲ ਰੱਖਦੇ ਸੀ। ਮੰਮਾ ਨਾਲ ਤੁਸੀ ਸਾਡੇ ਕੋਲ ਘੁੰਮਣ ਆ ਜਾਂਦੇ ਸੀ। ਹੁਣ ਸਾਡੇ ਕੋਲ ਤੁਸੀ ਆਉਣਾ ਵੀਂ ਨਈਂ ਚਾਹੁੰਦੇ, ਕੀਤਾ ਕੀਤਾ ਜਾਵੇ ਪਾਪਾ?

ਉਹ ਪੁੱਤਰ ਹੌਲੀ, ਹੌਲੀ ਸਭ ਕੁਝ ਠੀਕ ਹੋ ਜਾਂਦਾ ਏ, ਇਹ ਜੀਵਨ ਹੈ ਪੁੱਤਰ, ਇਕ ਨਾ ਇਕ ਦਿਨ ਤਾਂ ਜਾਣਾ ਹੀ ਹੈ, ਨੌਕਰ ਚਾਕਰ ਹਨ। ਮੈਂ ਲਾਇਬ੍ਰੇਰੀ ਚਲਿਆ ਜਾਂਦਾ ਹਾਂ, ਕਲੱਬ ਚਲਿਆ ਜਾਂਦਾ ਹਾਂ, ਸਮਾਜ ਸੇਵੀ ਸੰਸਥਾਵਾਂ ਨਾਲ ਜੁੜਿਆ ਹੋਇਆ ਹਾਂ। ਟਾਈਮ ਪਾਸ ਹੋ ਰਿਹਾ ਹੈ ਏ ਬਸ, ਵਧੀਆ।

ਪਰ, ਪਾਪਾ, ਉਹ ਤਾਂ ਠੀਕ ਏ, ਪਰ ਘਰ ਵਿਚ ਆਉਂਦੇ ਹੋ ਤਾਂ ਫਿਰ ਕਿਵੇਂ ਟਾਈਮ ਪਾਸ ਕਰਦੇ ਹੋ? ਕਈ ਕੰਮ ਆਪ ਖੁਦ ਕਰਦੇ ਹੋ। ਤੁਹਾਡੇ ਕਮਰਿਆਂ ਵਿਚ ਨੌਕਰਾਂ ਦੀ ਦਖਲ ਅੰਦਾਜ਼ੀ ਨਹੀਂ ਹੈ। ਛੋਟੇ-ਛੋਟੇ ਕਮ ਪਾਪਾ, ਮੰਮਾਂ ਦੀ ਯਾਦ ਦਿਲਾਂਦੇ ਹੋਣਵਗੇ। ਏਨੀ ਲੰਬੀ ਉਮਰ ਦਾ ਸਫ਼ਰ ਕਿਵੇਂ ਤੈਅ ਕਰੋਗੇ, ਪਾਪਾ।

ਪਰ, ਪੁੱਤਰ ਹੋਰ ਕੀ ਕੀਤਾ ਜਾ ਸਕਦਾ ਏ ਫਿਰ, ਤੁਸੀ ਮੇਰੀ ਚਿੰਤਾ ਨਾ ਕਰੋ, ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ। ਸਮੇਂ ਨਾਲ ਸਮਝਉਤਾ ਕਰਨਾ ਹੀ ਇਨਸਾਨੀਅਤ, ਲੰਬੀ ਉਮਰ ਦਾ ਰਾਜ਼ ਹੈ ਪੁੱਤਰ। ਆਦਮੀ ਦਾ ਸੁਭਾਅ ਹੌਲੀ ਹੌਲੀ ਵਾਤਾਵਰਣ ਦੇ ਅਨੁਕੂਲ ਹੋ ਜਾਂਦਾ ਹੈ। ਆਦਮੀ ਆਪਣੀ ਪਤਨੀ ਦੀਆਂ ਯਾਦਾਂ ਤਾਂ ਨਹੀਂ ਭੁਲਾ ਸਕਦਾ ਪਰ ਕੀਤਾ ਵੀ ਕੀ ਜਾ ਸਕਦਾ ਹੈ?

"ਪਰ, ਪਾਪਾ, ਅਸੀ ਤੁਹਾਨੂੰ ਇੱਕ ਗੱਲ ਕਹਿਣੀ ਚਾਹੁੰਦੇ ਹਾਂ?"

"ਉਹ ਪੁੱਤਰ, ਕੋਈ ਗੱਲ ਤਾਂ ਦੱਸੋ? ਐਸੀ ਹੋਰ ਕਿਹੜੀ ਗੱਲ ਹੈ?"

"ਪਾਪਾ, ਤੁਸੀ ਸ਼ਾਦੀ ਕਰ ਲਵੋਂ! ਅਸਾਂ ਦੋਵਾਂ ਨੇ ਫ਼ੈਸਲਾ ਲਿਆ ਹੈ "ਕਿ ਤੁਸੀ ਸ਼ਾਦੀ ਕਰ ਲਵੋ ਤਾਂ ਕਿ ਤੁਹਾਡਾ ਜੀਵਨ ਸਹੀ ਢੰਗ ਨਾਲ ਬਤੀਤ ਹੋ ਸਕੇ। ਪਾਪਾ, ਅਸੀਂ ਤੁਹਾਡੇ ਕੋਲੋਂ ਕੁਝ ਨਈ ਲੈਣਾ ਚਾਹੁੰਦੇ। ਜਾਇਦਾਦ, ਪੈਸਾ ਸਾਡੇ ਕੋਲ ਬਹੁਤ ਏ, ਪਰਮਾਤਮਾ ਦੀ ਕਿਰਪਾ, ਤੁਹਾਡਾ ਆਸ਼ੀਰਵਾਦ ਏ, ਸਾਡੇ ਕੋਲ ਬਹੁਤ ਕੁਝ ਏ। ਪਲੀਜ਼, ਪਾਪਾ, ਤੁਸੀਂ ਸ਼ਾਦੀ ਕਰ ਲਵੋ। ਅਸੀਂ ਅਗਲੇ ਮਹੀਨੇ ਇੰਡੀਆ ਆ ਰਹੇ ਹਾਂ। ਬੈਠ ਕੇ ਸਾਰੀ ਯੋਜਨਾ ਬਣਾਵਾਂਗੇ।"

"ਬੇਟਾ, ਸ਼ਾਦੀ-ਵਾਦੀ ਹੁਣ ਕੀ ਕਰਨੀ ਏ। ਪੁੱਤਰ ਇਸ ਉਮਰ ਵਿਚ ਮੇਰੇ ਨਾਲ ਕੌਣ ਸ਼ਾਦੀ ਕਰੇਗਾ?

"ਨਹੀਂ, ਪਾਪਾ, ਅਸੀਂ ਆ ਕੇ ਬਾਕੀ ਗੱਲ ਕਰਾਂਗੇ।"

ਅਗਲੇ ਮਹੀਨੇ ਸਤਨਾਮ ਸਿੰਘ ਦੀ ਬੇਟੀ, ਉਸ ਦਾ ਦਾਮਾਦ ਅਤੇ ਇੱਕ ਉਨ੍ਹਾਂ ਦਾ ਬੱਚਾ ਇੰਡਆ (ਘਰ) ਆ ਗਏ। ਬੈਠ ਕੇ ਕਈ ਯੋਜਨਾਵਾਂ ਬਣਾਈਆਂ ਗਈਆਂ। ਸਤਨਾਮ ਸਿੰਘ ਦਾ ਮਨ ਪੱਕਾ ਬਣਾ ਦਿੱਤਾ ਕਿ ਉਹ ਸ਼ਾਦੀ ਕਰ ਲਵੇਗਾ ਅਗਰ ਕੋਈ ਸਹੀ-ਢੁਕਵਾ ਰਿਸ਼ਤਾ ਮਿਲ ਗਿਆ ਤਾਂ।"

ਸਤਨਾਮ ਸਿੰਘ ਦੀ ਬੇਟੀ ਅਤੇ ਦਾਮਾਦ ਨੇ ਵੱਖ-ਵੱਖ ਅਖ਼ਬਾਰਾਂ ਵਿਚ ਕਲਾਸੀਫਾਈਡ ਇਸ਼ਤਿਹਾਰ ਦੇ ਦਿੱਤਾ। ਜਿਸ ਵਿਚ ਸਾਰੀਆਂ ਸ਼ਰਤਾਂ ਲਿਖੀਆਂ ਹੋਈਆਂ ਸਨ।

ਲਗਭਗ ਇਕ ਹਫ਼ਤੇ ਦੇ ਬਾਅਦ ਇਕ ਔਰਤ ਦਾ ਫ਼ੋਨ ਆਇਆ ਉਸ ਨੇ ਕਿਹਾ, "ਕਿ ਮੈਂ ਤੁਹਾਡੇ ਨਾਲ ਮਿਲ ਕੇ ਗੱਲ ਕਰਨਾ ਚਾਹੁੰਦੀ ਹਾਂ।" ਸਮਾਂ ਤੈਅ ਕਰ ਲਿਆ ਗਿਆ।

ਠੀਕ ਸਮੇਂ ਦੇ ਮੁਤਾਬਿਕ ਉਹ ਔਰਤ ਅਪਣੀ ਕਾਰ ਵਿਚ ਇਕ ਕਿਸ਼ੋਰ ਅਵਸਥਾ ਦੀ ਲੜਕੀ ਅਪਣੀ ਧੀ ਨਾਲ ਸਤਨਾਮ ਸਿੰਘ ਦੇ ਘਰ ਆ ਗਈ।

ਉਹਨਾਂ ਉਸ ਔਰਤ ਅਤੇ ਉਸ ਦੀ ਬੇਟੀ ਦੀ ਖ਼ੂਬ (ਆਓ ਭਗਤ) ਸਵਾਗਤ ਕੀਤਾ।

ਉਸ ਔਰਤ ਨੇ ਅਪਣੇ ਬਾਰੇ ਦਸਦਿਆਂ ਕਿਹਾ, ਕਿ ਮੈਂ ਤੁਹਾਡੀ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਹਨ ਪਰ ਮੇਰੀਆਂ ਵੀ ਕੁੱਝ ਸ਼ਰਤਾਂ ਹਨ।

ਉਹ ਔਰਤ ਇਕ ਕਾਲਿਜ ਵਿੱਚੋਂ ਪ੍ਰਿੰਸੀਪਲ, ਇਸ ਵਰ੍ਹੇ ਹੀ ਸੇਵਾ ਮੁਕਤ ਹੋਈ ਸੀ, ਉਸ ਦਾ ਪਤੀ ਫ਼ੌਜ ਵਿਚ ਅਫ਼ਸਰ ਸੀ ਤੇ ਉਹ ਕੁੱਝ ਸਾਲ ਪਹਿਲਾਂ ਹੀ ਅੱਤਵਾਦੀਆਂ ਦੇ ਕਾਊਂਟਰ ਸਮੇਂ ਸ਼ਹੀਦ ਹੋ ਗਿਆ ਸੀ। ਉਸ ਦੀ ਇਕ ਹੀ ਲੜਕੀ ਹੈ ਜੋ ਵਿਆਹੁਣ ਵਾਲੀ ਹੈ। ਉਸ ਔਰਤ ਨੇ ਕਿਹਾ, "ਜੇ ਸਾਡੀ ਸ਼ਾਦੀ ਹੋ ਜਾਏ ਤਾਂ ਇਹ ਲੜਕੀ ਸਾਡੇ ਨਾਲ ਹੀ ਰਵੇਂਗੀ। ਜੇ ਤੁਸੀ ਮੇਰੀ ਲੜਕੀ ਨੂੰ ਵੀ ਧੀ ਵਾਂਗ ਹੀ ਅਪਣਾ ਲਵੋ ਤਾਂ ਮੈਂ ਇਸ ਰਿਸ਼ਤੇ ਲਈ ਤਿਆਰ ਹਾਂ। ਮੇਰੇ ਕੋਲ ਸਭ ਸਹੂਲਤਾਂ ਹਨ। ਆਖ਼ਿਰ ਸਤਨਾਮ ਸਿੰਘ ਨੇ ਉਸ ਬੇਟੀ ਨੂੰ ਅਪਣੇ ਗਲੇ ਲਗਾਇਆ ਅਤੇ ਕਿਹਾ, "ਬੇਟੇ, ਅਜ ਮੇਰੀਆਂ ਦੋ ਧੀਆਂ ਹਨ, ਬੇਟੇ ਮੈਨੂੰ ਅਪਣਾ ਬਾਪ ਹੀ ਸਮਝਣਾ। ਮੇਰੀ ਧੀ ਵਾਂਗ ਹੀ ਤੁਸੀ ਮੇਰੀ ਦੂਸਰੀ ਧੀ ਹੋ। ਪਰਮਾਤਮਾ ਨੇ ਮੈਨੂੰ ਦੂਸਰੀ ਧੀ ਇਕ ਸੁੰਦਰ ਉਪਹਾਰ ਵਿਚ ਦਿੱਤੀ ਹੈ। ਮੈਂ ਇਸ ਦੀ ਸ਼ਾਦੀ ਅਪਣੀ ਧੀ ਵਾਂਗ ਹੀ ਕਰਾਂਗਾ।"

ਉਹ ਲੜਕੀ ਉੱਚੀ-ਉੱਚੀ ਬੁਸਕ-ਬੁਸਕ ਕੇ ਰੋਣ ਲੱਗ ਪਈ ਅਤੇ ਉਹ ਔਰਤ ਵੀ ਰੋਣ ਲੱਗ ਪਈ। ਸਾਰਾ ਮਾਹੌਲ ਖ਼ੁਸ਼ੀਨੁਮਾ ਹੰਝੂਆਂ ਵਿਚ ਨਵੀਂ ਜ਼ਿੰਦਗੀ ਦੇ ਮੰਗਲਾਚਰਣ ਵਿਚ ਸੁਸ਼ੋਭਿਤ ਹੋ ਉਠਿਆ। ਸਾਰੇ ਮਾਹੌਲ ਵਿਚ ਨਵੇਂ ਰਿਸ਼ਤਿਆਂ ਦਾ ਪਵਿੱਤਰ ਬੰਧਨ ਸ਼ੁਭਕਾਮਨਾ ਦੀ ਦੀਵਾਲੀ ਵਿਚ ਰੰਗਿਆ ਗਿਆ।

### 1 ਅਗਸਤ ਜਨਮ ਦਿਨ ਤੇ ਵਿਸ਼ੇਸ਼ ਲੇਖ

# ਅਮਰ ਸ਼ਹੀਦ ਸ੍ਰ. ਦਰਸ਼ਨ ਸਿੰਘ ਫੇਰੂਮਾਨ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ. 9914184794

ਗੁਰਦੁਆਰਾ ਸੁਧਾਰ ਲਹਿਰ ਵਿਚ ਕੁਰਬਾਨੀ ਕਰਨ ਵਾਲੇ ਦੇਸ਼ ਦੀ ਆਜ਼ਾਦੀ ਲਈ ਕਈ ਵਾਰ ਜੇਲ੍ਹਾਂ ਦੇ ਤਸੀਹੇ ਸਹਿਣ ਵਾਲੇ ਮਹਾਨ ਦੇਸ਼ ਭਗਤ ਪੰਜਾਬ ਵਿਚ ਕਿਸਾਨੀ ਲਹਿਰ ਦੇ ਸੰਚਾਲਿਕ ਸ੍ਰ. ਦਰਸ਼ਨ ਸਿੰਘ ਫੇਰੂਮਾਨ ਦਾ ਜਨਮ 1 ਅਗਸਤ 1886 ਨੂੰ ਪਿੰਡ ਫੇਰੂਮਾਨ ਜਿਲ੍ਹਾ ਅੰਮ੍ਰਿਤਸਰ ਵਿਚ ਸ੍ਰ. ਚੰਦਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਹੋਇਆ। ਉਹ ਮਾਤਾ ਪਿਤਾ ਦੇ ਇਕਲੌਤੇ ਪੁੱਤਰ ਸਨ।

ਮੁਡਲੀ ਵਿੱਦਿਆ ਇਹਨਾਂ ਨੇ ਪਿੰਡ ਦੇ ਸਕੂਲ ਤੋਂ ਪਾਸ ਕੀਤੀ ਫਿਰ ਬਾਬੇ ਬਕਾਲੇ ਪੜ੍ਹਾਈ ਕੀਤੀ।ਚੜ੍ਹਦੀ ਜਵਾਨੀ ਵਿਚ ਸ੍ਰ. ਦਰਸ਼ਨ ਸਿੰਘ 11 ਨੰਬਰ ਰਸਾਲੇ ਵਿਚ ਭਰਤੀ ਹੋਏ ਜਿਸ ਨੂੰ ਸਿੰਧ ਹਾਰਸ ਕਹਿੰਦੇ ਸਨ।ਜੱਥੇਦਾਰ ਉੱਧਮ ਸਿੰਘ ਨਾਗੋਕੀ ਵੀ ਇਸ ਵਿਚ ਰਹੇ।ਦਰਸ਼ਨ ਸਿੰਘ ਇਸ ਵਿਚ ਤਿੰਨ ਸਾਲ ਨੌਕਰੀ ਕਰ ਕੇ 1914 ਵਿਚ ਘਰ ਆ ਗਏ।

ਸੰਨ 1919 ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ ਉਸ ਨੇ ਸਾਰੇ ਦੇਸ਼ ਵਿਚ ਆਜ਼ਾਦੀ ਦੀ ਤੜਫ਼ ਨੂੰ ਤੇਜ਼ ਕਰ ਦਿੱਤਾ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਅਰੰਭ ਹੋਇਆ ਉਸ ਦਾ ਪ੍ਰਭਾਵ ਵੀ ਇਸ ਤੇ ਪਿਆ ਇਸ ਕਰਕੇ ਇਹਨਾਂ ਦੇ ਮਨ ਵਿਚ ਪਰੀਵਰਤਨ ਆ ਗਿਆ।

ਜੱਥੇਦਾਰ ਉੱਧਮ ਸਿੰਘ ਨਾਗੋਕੇ ਤੇ ਹੋਰ ਕੁੱਝ ਸਰਦਾਰਾਂ ਨੇ ਸ੍ਰ. ਫੇਰੂਮਾਨ ਦੀ ਮਾਤਾ ਨੂੰ ਕਹਿ ਕੇ ਇਸ ਨੂੰ ਕੌਮ ਅਤੇ ਦੇਸ਼ ਸੇਵਾ ਲਈ ਮੰਗ ਲਿਆ ਤਾਂ ਮਾਤਾ ਦੇ ਹਾਂ ਕਹਿਣ ਤੇ ਸ੍ਰ. ਫੇਰੂਮਾਨ ਨੇ ਵੀ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ।

1920 ਵਿਚ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਸੁਧਾਰ ਕਰਨ ਲਈ ਸ੍ਰ. ਅਮਰ ਸਿੰਘ ਝਬਾਲ ਦੀ ਜੱਥੇਦਾਰੀ ਹੇਠ ਤਰਨਤਾਰਨ ਤੋਂ ਜੱਥਾ ਗਿਆ ਉਸ ਵਿਚ ਦਰਸ਼ਨ ਸਿੰਘ ਫੇਰੂਮਾਨ ਵੀ ਸ਼ਾਮਲ ਸਨ।

1920 ਵਿਚ ਸ਼੍ਰਮੋਣੀ ਕਮੇਟੀ ਤੇ ਅਕਾਲੀ ਦਲ ਕਾਇਮ ਕੀਤੇ ਗਏ ਦੋਵੇਂ ਕਮੇਟੀਆਂ ਵਿਚ ਸ੍ਰ.ਦਰਸ਼ਨ ਸਿੰਘ ਫੇਰੂਮਾਨ ਸ਼ਾਮਲ ਸਨ। ਨਵੰਬਰ 1921 ਨੂੰ ਚਾਬੀਆਂ ਦੇ ਮੋਰਚੇ ਵਿਚ ਇਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ।

ਸੰਨ 1923 ਵਿਚ ਸੁਲਤਾਨਵਿੰਡ ਜਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵਲੋਂ ਇਕ ਰਾਜਸੀ ਜਲਸਾ ਹੋਇਆ। ਬਾਬਾ ਇੰਦਰ ਸਿੰਘ ਵੇਰਕਾ ਅਤੇ ਸ੍ਰ. ਫੇਰੂਮਾਨ ਉਸ ਦੇ ਪ੍ਰਬੰਧਕ ਸਨ।ਸਰਕਾਰ ਨੇ ਇਹਨਾਂ ਨੂੰ ਗ੍ਰਿਫ਼ਤਾਰ ਕਰਕੇ ਸਵਾ ਸਵਾ ਸਾਲ ਦੀ ਕੈਦ ਕਰਕੇ ਮੁਲਤਾਨ ਸੈਂਟ੍ਰਲ ਜੇਲ੍ਹ ਭੇਜ ਦਿੱਤਾ।

ਫ਼ਰਵਰੀ 1924 ਵਿਚ ਜੈਤੋਂ ਦਾ ਮੋਰਚਾ ਲੱਗਿਆ। 1924 ਵਿਚ ਹੀ ਸ੍ਰ. ਫੇਰੂਮਾਨ ਹੋਰੀ ਰਿਹਾ ਹੋ ਕੇ ਆਏ ਉਸ ਟਾਇਮ ਜੈਤੋਂ ਨੂੰ ਜੱਥੇ ਜਾ ਰਹੇ ਸਨ। ਇਹ 14 ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗਏ ਛੇ ਸੱਤ ਮਹੀਨੇ ਜੇਲ੍ਹ ਵਿਚ ਰਹੇ।ਜੁਲਾਈ 1925 ਵਿਚ ਗੁਰਦੁਆਰਾ ਐਕਟ ਬਣ ਗਿਆ।ਸਰਕਾਰ ਨੇ ਸਾਰੇ ਅਕਾਲੀ ਕੈਦੀ ਛਡ ਦਿੱਤੇ ਅਤੇ ਸ੍ਰ. ਫੇਰੂਮਾਨ ਵੀ ਰਿਹਾ ਹੋ ਗਏ।

1926 ਵਿਚ ਸ੍ਰ. ਫੇਰੂਮਾਨ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ।ਮਲਾਇਆ ਵਿਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਆਪ ਨੇ 21 ਦਿਨ ਦੀ ਭੁੱਖ ਹੜਤਾਲ ਕੱਟੀ ਤਿੰਨ ਸਾਲ ਬਾਅਦ 1929 ਵਿਚ ਵਾਪਸ ਆ ਗਏ।

1934- 35 ਵਿਚ ਉਧਮ ਸਿੰਘ ਨਾਗੋਕੇ, ਸ੍ਰ. ਫੇਰੂਮਾਨ ਅਤੇ ਪ੍ਰਤਾਪ ਸਿੰਘ ਕੈਰੋਂ ਨੇ ਕਿਸਾਨੀ ਲਹਿਰ ਜਾਰੀ ਕੀਤੀ। 1939 ਵਿਚ ਸ਼੍ਰਮੋਣੀ ਗੁਰਦੁਆਰੇ ਦੀਆਂ ਚੋਣਾਂ ਹੋਈਆਂ ਉਹਨਾਂ ਵਿਚ ਸ੍ਰ. ਫੇਰੂਮਾਨ ਦੋ ਵਾਰ ਅਤੇ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ।ਆਜ਼ਾਦੀ ਤੋਂ ਬਾਅਦ 1952 ਤੋਂ 1964 ਤੱਕ ਕਾਂਗਰਸ ਟਿਕਟ ਤੇ ਰਾਜ ਸਭਾ ਦੇ ਮੈਂਬਰ ਰਹੇ।

1948 ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਪੰਜਾਬੀ ਸੂਬੇ ਦਾ ਅੰਦੋਲਨ ਚੱਲ ਰਿਹਾ ਸੀ। 1960 ਵਿਚ ਸੰਤ ਫਤਿਹ ਸਿੰਘ ਨੇ ਸ੍ਰੀ.ਅਕਾਲ ਤਖ਼ਤ ਸਾਹਿਬ ਤੇ ਅਰਦਾਸਾ ਸੋਧ ਕੇ ਮਰਨ ਵਰਤ ਰੱਖਿਆ ਪਰ ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦਲ ਦੀ ਆੜ ਹੇਠ ਤੋੜ ਦਿੱਤਾ।ਮਾਸਟਰ ਤਾਰਾ ਸਿੰਘ ਨੇ 48 ਦਿਨ ਬਾਅਦ ਵਰਤ ਖੋਲ ਦਿੱਤਾ। ਮਾਸਟਰ ਤਾਰਾ ਸਿੰਘ ਨੇ ਪੰਜ ਪਿਆਰਿਆਂ ਕੋਲੋਂ ਭੁਲ ਬਖਸ਼ਾਈ।

ਦੂਜੀ ਵਾਰ ਸੰਤ ਫਤਿਹ ਸਿੰਘ ਨੇ 1965 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੈਠ ਕੇ ਕੁੰਡ ਬਣਵਾ ਕੇ ਸੜ ਮਰਨ ਦਾ ਐਲਾਨ ਕੀਤਾ ਪਰ ਭਾਰਤ ਪਾਕਿਸਤਾਨ ਜੰਗ ਦੀ ਆੜ ਹੇਠ ਪ੍ਰਣ ਭੰਗ ਕਰ ਦਿੱਤਾ।

ਤੀਜੀ ਵਾਰ ਦਸੰਬਰ 1966 ਵਿਚ ਚੰਡੀਗੜ੍ਹ, ਭਾਖੜਾ ਨੰਗਲ ਤੇ ਹਰਿਆਣਾ ਦੇ ਪੰਜਾਬੀ ਬੋਲਦੇ ਪਿੰਡ ਪ੍ਰਾਪਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੜ ਮਰਨ ਦਾ ਪ੍ਰਣ ਕੀਤਾ।ਇਸ ਵਾਰ ਪੰਜ ਸਾਥੀ ਸੰਤ ਚੰਨਣ ਸਿੰਘ,ਜੀਵਨ ਸਿੰਘ ਉਮਰਾ ਨੰਗਲ,ਦਲੀਪ ਸਿੰਘ ਤਲਵੰਡੀ,ਮਿਤ ਸਿੰਘ ਚੜਿਕ ਆਦਿ ਪੀਲੇ ਚੋਲੇ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਚੜ ਬੈਠੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜਲ ਉੱਪਰ ਖੜੇ ਕਰਕੇ ਉਹਨਾਂ ਦੇ ਦਰਸ਼ਨ ਕਰਵਾਏ ਗਏ ਉਹਨਾਂ ਦੇ ਸੜ ਮਰਨ ਲਈ ਦੂਸਰਾ ਅਗਨ ਕੁੰਡ ਵੀ ਬਣਵਾਇਆ ਗਿਆ।ਪਰ ਇਸ ਵਾਰ ਫਿਰ ਸ੍ਰ. ਹੁਕਮ ਸਿੰਘ ਨੂੰ ਸਦ ਕੇ ਉਸ ਨਾਲ ਗੁਪਤ ਬੰਦ ਕਮਰਾ ਮੀਟਿੰਗ ਕਰਕੇ ਸੜ ਮਰਨ ਤੋਂ ਬਚ ਗਏ।

ਇਸ ਨਾਲ ਕੌਮ ਦੀ ਬਹੁਤ ਨਿਰਾਦਰੀ ਹੋਈ।ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੇ ਮਨ ਨੂੰ ਬਹੁਤ ਸੱਟ ਵੱਜੀ।ਸਿੱਖ ਪੰਥ ਦੀ ਲਾਜ ਰੱਖਣ ਲਈ ਜੁਲਾਈ 1969 ਦੇ ਅਰੰਭ ਵਿਚ ਡਾ. ਜਗਜੀਤ ਸਿੰਘ ਤੇ ਕਰਨੈਲ ਸਿੰਘ ਮਰਙੀ ਨੇ ਸ੍ਰ. ਫੇਰੂਮਾਨ ਨੂੰ ਕਿਹਾ ਸੰਤਾਂ ਨੇ ਕੌਮ ਦੀ ਬਹੁਤ ਹੇਠੀ ਕਰਵਾਈ ਹੈ ਤੁਸੀਂ ਹੀ ਲਾਜ ਰੱਖ ਲਵੋਂ। ਸ੍ਰ. ਫੇਰੂਮਾਨ ਦਾ ਪਹਿਲਾਂ ਹੀ ਮਨ ਬਣਿਆ ਹੋਇਆ ਸੀ। ਉਸ ਨੇ ਫਤਿਹ ਸਿੰਘ ਨੂੰ ਇਕ ਮਹੀਨੇ ਦਾ ਨੋਟਿਸ ਦੇ ਕੇ ਸ਼ਹੀਦੀ ਪ੍ਰਾਪਤ ਕਰਨ ਦਾ ਐਲਾਨ ਕਰ ਦਿੱਤਾ।

1969 ਦੀ 11- 12 ਅਗਸਤ ਦੀ ਵਿਚਕਾਲੀ ਰਾਤ ਨੂੰ ਅਕਾਲੀ ਸਰਕਾਰ ਨੇ ਸ੍ਰ. ਦਰਸ਼ਨ ਸਿੰਘ ਫੇਰੂਮਾਨ ਨੂੰ ਘਰ ਤੋਂ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ।

15 ਅਗਸਤ ਨੂੰ ਜੇਲ ਵਿਚ ਸ੍ਰ.ਫੇਰੂਮਾਨ ਨੇ ਆਪ ਅਰਦਾਸਾ ਸੋਧ ਕੇ @ਦੇਹ ਸ਼ਿਵਾ ਬਰ ਮੋਹਿ ਇਹੈ @ ਦਾ ਸਵਈਆ ਪੜ੍ਹ ਕੇ ਮਰਨ ਵਰਤ ਰੱਖ ਦਿੱਤਾ ਤੇ ਅਫ਼ਸਰਾਂ ਨੂੰ ਆਖ ਦਿੱਤਾ ਮੈਨੂੰ ਜਬਰੀ ਖੁਰਾਕ ਨਹੀਂ ਦੇਣੀ ਬਾਰਾਂ ਦਿਨਾਂ ਬਾਅਦ ਉਹਨਾਂ ਨੂੰ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ।

ਸੰਤਾਂ ਦੀ ਪਾਰਟੀ ਤੇ ਅਕਾਲੀ ਸਰਕਾਰ ਦੇ ਵਜ਼ੀਰਾਂ ਨੇ ਸ੍ਰ. ਫੇਰੂਮਾਨ ਦੀ ਵਿਰੋਧਤਾ ਕੀਤੀ।ਸੰਤ ਫਤਿਹ ਸਿੰਘ ਨੇ 27 ਅਗਸਤ 1969 ਨੂੰ ਪਟਿਆਲੇ ਵਿਚ ਕਿਹਾ, ÷ਫੇਰੂਮਾਨ ਸਾਡੀ ਲੀਡਰੀ ਨੂੰ ਹੱਥ ਪਾਉਣਾ ਚਹੁੰਦਾ ਹੈ ਅਸੀਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਰਗੜ ਕੇ ਰੱਖ ਦਿਆਗੇ।÷ ਜੱਥੇਦਾਰ ਮੋਹਣ ਸਿੰਘ ਤੁੜ ਨੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਸ੍ਰ. ਹਰਨਾਮ ਸਿੰਘ ਖੋਜਕੀਪੁਰ ਨੂੰ ਕਿਹਾ ਕੇ ਫੇਰੂਮਾਨ ਕੁੱਤੇ ਦੀ ਮੌਤ ਮਰੇਗਾ ਪਰ ਇਹਨਾਂ ਦਾ ਛੇਤੀ ਹੀ ਸੁਰਤ ਟਿਕਾਣੇ ਆ ਗਈ ਜਦ ਜਨਤਾ ਨੇ ਫੇਰੂਮਾਨ ਦੀ ਹਮਾਇਤ ਕੀਤੀ।


85 ਸਾਲ ਦੀ ਉਮਰ ਵਿਚ 74 ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਸ੍ਰ. ਦਰਸ਼ਨ ਸਿੰਘ ਫੇਰੂਮਾਨ ਆਪਣੀ ਕੀਤੀ ਹੋਈ ਅਰਦਾਸ ਤੇ ਆਪਣੇ ਪ੍ਰਣ ਨੂੰ ਪਾਲਦੇ ਹੋਏ ਅੰਮ੍ਰਿਤਸਰ ਵਿਚ 27 ਅਕਤੂਬਰ 1969 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੇ ਮਹਾਨ ਬਲੀਦਾਨ ਨੇ ਸਿੱਖੀ ਦੀ ਲਾਜ ਰੱਖ ਲਈ ਤੇ ਪੰਜਾਬ ਦਾ ਮਾਣ ਵਧਾ ਦਿੱਤਾ।

## ਪੁਸਤਕ ਰੀਵਿਊ

# ਅਪਣੱਤ ਭਰੀਆਂ ਕਵਿਤਾਵਾਂ : ਕੋਮਲ ਪੱਤੀਆਂ ਦਾ ਉਲਾਂਭਾ

ਦਵਿੰਦਰ ਪਟਿਆਲਵੀ ਇੱਕ ਕੋਮਲਭਾਵੀ ਇਨਸਾਨ ਹੈ। ਕੋਮਲ ਅਹਿਸਾਸਾਂ ਨਾਲ ਭਰੇ ਇਸ ਇਨਸਾਨ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ - ਮਿੰਨੀ ਕਹਾਣੀ, ਕਹਾਣੀ, ਫੀਚਰ ਆਦਿ ਵਿੱਚ ਲਿਖਿਆ ਹੈ। ਉਹਦੀਆਂ ਪ੍ਰਕਾਸ਼ਿਤ ਮਿੰਨੀ ਕਹਾਣੀਆਂ ਦੀਆਂ ਦੋ ਕਿਤਾਬਾਂ @ਛੋਟੇ ਲੋਕ@ ਅਤੇ @ਉਡਾਨ@ (ਹਿੰਦੀ) ਨੇ ਪਾਠਕਾਂ ਅਤੇ ਸਮੀਖਿਅਕਾਂ ਦਾ ਧਿਆਨ
ਆਪਣੇ ਵੱਲ ਖਿੱਚਿਆ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਸਭਾ ਪਟਿਆਲਾ ਨਾਲ ਜੁੜਿਆ ਦਵਿੰਦਰ ਹੁਣ ਇੱਕ ਕਾਵਿ ਕਿਤਾਬ @ਕੋਮਲ ਪੱਤੀਆਂ ਦਾ ਉਲਾਂਭਾ@ (ਕੇ ਪਬਲੀਕੇਸ਼ਨਜ਼, ਬਰੇਟਾ, ਮਾਨਸਾ; ਪੰਨੇ 98; ਮੁੱਲ 195/-) ਲੈ ਕੇ ਹਾਜ਼ਰ ਹੋਇਆ ਹੈ। ਇਹ ਕਾਵਿ ਕਿਤਾਬ ਇਸ ਸਾਲ ਦੇ ਅੱਧ ਵਿੱਚ ਪ੍ਰਕਾਸ਼ਿਤ ਹੋਈ ਹੈ, ਜਿਸ ਵਿੱਚ 41 ਕਵਿਤਾਵਾਂ ਹਨ।

ਹੁਣ ਤੱਕ ਇਸ ਪੁਸਤਕ ਬਾਰੇ ਭਰਪੂਰ ਚਰਚਾ ਕੀਤੀ ਜਾ ਚੁੱਕੀ ਹੈ। ਇਸ ਪੁਸਤਕ ਦੇ ਆਰੰਭ ਵਿੱਚ ਸਾਹਿਤ ਅਕਾਦਮੀ ਬਾਲ ਸਾਹਿਤ ਜੇਤੂ ਲੇਖਕ ਡਾ. ਦਰਸ਼ਨ ਸਿੰਘ ਆਸ਼ਟ, ਚਰਚਿਤ ਯੁਵਾ ਕਵੀ ਨਵਦੀਪ ਸਿੰਘ ਮੁੰਡੀ, ਪ੍ਰਸਿੱਧ ਮਿੰਨੀ ਕਹਾਣੀ ਲੇਖਕ ਤੇ ਆਲੋਚਕ ਡਾ. ਹਰਪ੍ਰੀਤ ਸਿੰਘ ਰਾਣਾ, ਸਾਹਿਤ ਅਕਾਦਮੀ ਅਨੁਵਾਦ ਜੇਤੂ ਲੇਖਕ ਜਗਦੀਸ਼ ਕੁਲਰੀਆਂ ਸਮੇਤ ਪਟਿਆਲਾ ਨਾਲ ਸੰਬੰਧਿਤ ਅਜੀਤ ਸਿੰਘ ਅਤੇ ਗੀਤਕਾਰ ਬਲਬੀਰ ਸਿੰਘ ਦਿਲਦਾਰ (ਪੰਨੇ 5-17) ਨੇ ਆਪੋ-ਆਪਣੇ ਵਿਚਾਰ ਲਿਖੇ ਹਨ।




ਪੁਸਤਕ ਦੀਆਂ ਜ਼ਿਆਦਾਤਰ ਕਵਿਤਾਵਾਂ ਪਰਿਵਾਰ, ਦਫ਼ਤਰ ਅਤੇ ਸਮਾਜਕ ਆਲੇ-ਦੁਆਲੇ ਨਾਲ ਸੰਬੰਧਿਤ ਹਨ। ਪਰਿਵਾਰਕ ਕਵਿਤਾਵਾਂ ਵਿੱਚ ਪਾਪਾ ਦੇ ਨਾਂ, ਮੁਸਕਾਨ ਦੇ ਨਾਂ, ਬੱਚਿਆਂ ਦੀ ਚੀਜੀ, ਛੁੱਟੀ ਵਾਲਾ ਦਿਨ, ਮਾਂ ਦਾ ਫ਼ਿਕਰ, ਪ੍ਰੀਤੀ ਦੇ ਨਾਂ, ਪਤਨੀ ਦਾ ਜਨਮਦਿਨ, ਬੇਟੀਆਂ ਦਾ ਫ਼ਿਕਰ, ਪੁਸਤਕ ਤੇ ਬੇਟੀ, ਸਕੂਲ ਜਾਣ ਸਮੇਂ ਮੁਸਕਾਨ ਦੀ ਐਕਟਿੰਗ, ਮੁਸਕਾਨ ਦੇ ਨਾਂ; ਦਫ਼ਤਰੀ ਮਾਹੌਲ ਦੀਆਂ ਕਵਿਤਾਵਾਂ ਵਿੱਚ ਘਰ ਤੋਂ ਦਫ਼ਤਰ ਤੱਕ, ਕੰਟੀਨ ਵਾਲ ਟਿੰਕਾ, ਟਿਫ਼ਿਨ, ਦਫ਼ਤਰ ਸਟੈਨੋ ਤੇ ਨਿੱਕਾ ਬੱਚਾ, ਦਫ਼ਤਰ ਵਿੱਚ ਨੌਕਰੀ ਕਰਨ ਵਾਲੀ ਮੈਡਮ, ਬਰਾਂਚ ਤੋਂ ਬਰਾਂਚ ਤੱਕ, ਦਫ਼ਤਰ ਵਾਲਾ ਬੈਗ; ਆਸਪਾਸ/ ਰੋਜ਼ਮੱਰਾ ਨਾਲ ਜੁੜੀਆਂ ਕਵਿਤਾਵਾਂ ਵਿੱਚ ਕੱਪੜੇ ਸਿਉਣ ਵਾਲੀ ਔਰਤ, ਰੋਟੀ ਰਿਕਸ਼ਾ ਤੇ ਡਿਗਰੀਆਂ, ਅਖ਼ਬਾਰ, ਸੈਰ ਕਰਦੇ ਕਾਲਜ ਪੜ੍ਹਨ ਵਾਲੇ ਬੱਚੇ, ਮੈਂ ਇੱਥੇ ਠੀਕ ਹਾਂ, ਵਾਤਾਵਰਨ ਪਾਰਕ, ਵਿਆਹ ਦੀ ਵਰ੍ਹੇਗੰਢ ਮਨਾਉਣ ਵਾਲੇ ਜੋੜਿਆਂ ਦੇ ਨਾਂ, ਪਿੰਡ ਦਾ ਸਮਾਗਮ, ਮੇਰੀਆਂ ਕਿਤਾਬਾਂ, ਪੁਰਖਿਆਂ ਦੇ ਸ਼ਹਿਰ ਵਿੱਚ ਲੇਖਕ, ਦੋਸਤ ਤੇ ਉਸ ਨਾਲ ਸੈਰ ਕਰਦਾ ਡੌਗੀ, ਅਖ਼ਬਾਰ ਪੜ੍ਹਦੇ ਬੱਚੇ, ਬੱਸ ਬੱਚਾ ਤੇ ਸਹਿਯਾਤਰੀ; ਯਾਦਾਂ ਨਾਲ ਸੰਬੰਧਿਤ ਕਵਿਤਾਵਾਂ ਵਿੱਚ ਸਕੂਲ, ਰੋਜ਼ ਗਾਰਡਨ ਤੋਂ ਢੁਡਿਆਲ ਸਕੂਲ ਤੱਕ; ਵਿਕੋਲਿੱਤਰੀਆਂ ਕਵਿਤਾਵਾਂ ਵਿੱਚ ਪਿੰਗਲਵਾੜਾ ਆਸ਼ਰਮ, ਮੇਰੇ ਕੋਲ ਕੁਝ ਵੀ ਨਹੀਂ, ਅਹਿਸਾਸ, ਰਸੋਈ, ਗੱਲਾਂ, ਕਵਿਤਾ ਦੀ ਨਰਾਜ਼ਗੀ, ਬਾਰਿਸ਼ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)
9417692015.

ਘਰ ਅਤੇ ਦਫ਼ਤਰ ਵਿੱਚ ਤਾਲਮੇਲ ਬਿਠਾਉਣਾ ਹਰ ਕਿਸੇ ਦੇ ਹੱਥ-ਵੱਸ ਨਹੀਂ ਹੁੰਦਾ। ਕਦੇ ਕੋਈ ਬੰਦਾ ਦਫ਼ਤਰ ਵਿੱਚ ਹੀ ਏਨਾ ਰੁੱਝ ਜਾਂਦਾ ਹੈ ਕਿ ਪਰਿਵਾਰ ਵੱਲ ਧਿਆਨ ਨਹੀਂ ਦੇ ਸਕਦਾ ਤੇ ਕਈ ਬੰਦੇ ਸਿਰਫ਼ ਘਰ-ਪਰਿਵਾਰ ਵਿੱਚ ਹੀ @ਚ ਹੀ ਏਨਾ ਖੁੱਭੇ ਰਹਿੰਦੇ ਹਨ ਕਿ ਦਫ਼ਤਰ/ਨੌਕਰੀ ਦੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਹੀਂ ਨਿਭਾ ਸਕਦੇ। ਪਰ ਦਵਿੰਦਰ ਨੇ ਇਨ੍ਹਾਂ ਦੋਹਾਂ ਵਿੱਚ ਸਹਿਜ-ਸੁਮੇਲ ਸਥਾਪਤ ਕਰ ਲਿਆ ਹੈ ਤੇ ਦੋਹਾਂ ਨੂੰ ਬਣਦਾ ਯਥਾਯੋਗ ਸਮਾਂ ਦੇ ਰਿਹਾ ਹੈ। ਕਦੇ-ਕਦਾਈਂ ਅਜਿਹੇ ਪਲ ਆਉਂਦੇ ਹਨ ਕਿ ਵਿਅਕਤੀ ਘਰ-ਦਫ਼ਤਰ ਦੀ ਘੁੰਮਣਘੇਰੀ ਵਿੱਚ ਫਸਿਆ ਮਹਿਸੂਸ ਕਰਦਾ ਹੈ। @ਘਰ ਤੋਂ ਦਫ਼ਤਰ ਤੱਕ@ ਕਵਿਤਾ ਵਿੱਚ ਇਸ ਗੱਲ ਨੂੰ ਸਪਸ਼ਟ ਕੀਤਾ ਗਿਆ ਹੈ :

ਦਫ਼ਤਰ ਵਿੱਚ ਕੇਸ ਡੀਲ ਕਰਦੇ
ਪੈਂਡਿੰਗ ਕੇਸਾਂ ਦੀਆਂ ਲਿਸਟਾਂ ਬਣਾਉਂਦੇ
ਅਕਸਰ ਪਤਨੀ ਵੱਲੋਂ
ਫੜਾਈ ਰਾਸ਼ਨ ਦੀ ਲੰਮੀ ਲਿਸਟ
ਅੱਖਾਂ ਅੱਗੇ ਘੁੰਮਦੀ ਹੈ...
ਬੜਾ ਮੁਸ਼ਕਲ ਹੈ ਘਰ ਜਾ ਕੇ ਦਫ਼ਤਰ
ਅਤੇ ਦਫ਼ਤਰ ਜਾ ਕੇ ਘਰ ਬਾਰੇ ਭੁੱਲਣਾ (29-30)

ਦਵਿੰਦਰ ਮਿਹਨਤਕਸ਼ ਲੋਕਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਵੇਖਦਾ ਹੈ। ਉਹ ਕਿਉਂਕਿ ਆਪ ਮਿਹਨਤ ਨਾਲ ਟਾਈਪਿੰਗ, ਸਟੈਨੋ ਕਰਦਿਆਂ/ਸਿਖਦਿਆਂ ਚੰਗੀ ਨੌਕਰੀ ਤੇ ਪੁੱਜਾ ਹੈ, ਇਸਲਈ ਉਹਦੇ ਮਨ ਵਿੱਚ ਹਿੰਮਤੀ ਤੇ ਮਿਹਨਤੀ ਲੋਕਾਂ ਦੀ ਕਾਫੀ ਕਦਰ ਹੈ। ਇਸ ਸੰਗ੍ਰਹਿ ਵਿੱਚ ਕੁਝ ਕਵਿਤਾਵਾਂ ਅਜਿਹੇ ਕਾਮਿਆਂ/ਕਿਰਤੀਆਂ ਨਾਲ ਸੰਬੰਧਿਤ ਹਨ - ਕੱਪੜੇ ਸਿਉਣ ਵਾਲੀ ਔਰਤ, ਰੋਟੀ ਰਿਕਸ਼ਾ ਤੇ ਡਿਗਰੀਆਂ, ਕੰਟੀਨ ਵਾਲਾ ਟਿੰਕਾ, ਦਫ਼ਤਰ ਸਟੈਨੋ ਤੇ ਨਿੱਕਾ ਬੱਚਾ ਆਦਿ। ਕੰਮੀਂ ਰੁੱਝੀ ਇੱਕ ਔਰਤ ਦੀ ਮਾਰਮਿਕ ਤਸਵੀਰ ਉਹ ਇਸ ਤਰ੍ਹਾਂ ਪੇਸ਼ ਕਰਦਾ ਹੈ :

ਬਾਈਕ ਤੇ ਸਵਾਰ ਹੋ ਕੇ
ਦਫ਼ਤਰ ਜਾਂਦੇ ਜਾਂਦੇ ਰਾਹ ਵਿੱਚ ਸੋਚਦਾ ਹਾਂ
ਕੱਪੜੇ ਸਿਉਣ ਵਾਲੀ ਔਰਤ
ਕਦੋਂ ਸੌਂਦੀ ਹੋਵੇਗੀ
ਕਦੋਂ ਖਾਂਦੀ ਹੋਵੇਗੀ ਰੋਟੀ
ਸਾਰਾ ਦਿਨ ਤਾਂ ਚਲਦੀ ਹੈ ਉਹਦੀ ਸਿਲਾਈ ਮਸ਼ੀਨ
ਬੇ ਰੋ ਕ ਟੋ ਕ
(35)

ਪੁਸਤਕ ਵਿੱਚ ਕੁਝ ਮਾਮੂਲੀ ਉਕਾਈਆਂ ਵੀ ਮੈਨੂੰ ਨਜ਼ਰ ਆਈਆਂ ਹਨ। ਹੋ ਸਕਦਾ ਹੈ ਕਿ ਇਹ ਪਰੂਫ਼ ਰੀਡਿੰਗ ਦੀਆਂ ਹੋਣ। ਜਿਵੇਂ ਕਿ : ਦੋ ਕਵਿਤਾਵਾਂ ਦਾ ਇੱਕ ਹੀ ਸਿਰਲੇਖ ਹੈ - @ਮੁਸਕਾਨ ਦੇ ਨਾਂ@ (ਪੰਨਾ 31 ਅਤੇ 98); ਇੱਕ ਕਵਿਤਾ ਦੇ ਸ਼ਬਦਜੋੜ ਵਿੱਚ ਫ਼ਰਕ ਹੈ - @ਕੱਪੜੇ ਸਿਉਣ ਵਾਲੀ ਔਰਤ@ (ਤੱਤਕਰਾ ਵਿੱਚ ਸਿਊਣ ਤੇ ਅੰਦਰਵਾਰ ਸਿਣ, 35); ਤਿੰਨ ਕਵਿਤਾਵਾਂ ਦੇ ਸਿਰਲੇਖ ਤੱਤਕਰਾ ਵਿੱਚ ਤੇ ਅੰਦਰਵਾਰ ਅੰਤਰ ਵਾਲੇ ਹਨ - @ਸੈਰ ਕਰਦੇ ਕਾਲਜ ਪੜ੍ਹਨ ਵਾਲੇ ਬੱਚੇ@ (ਸੈਰ ਕਰਦੇ ਕਾਲਜ ਵਿੱਚ ਪੜ੍ਹਨ ਵਾਲੇ ਬੱਚੇ, 44); @ਮੈਂ ਇੱਥੇ ਠੀਕ ਹਾਂ@ (ਮੈਂ ਇੱਥੇ ਹੀ ਠੀਕ ਹਾਂ, 48); @ਵਿਆਹ ਦੀ ਵਰ੍ਹੇਗੰਢ ...@ (ਅੰਦਰਵਾਰ ਸਿਰਲੇਖ @ਕਵਿਤਾ@ ਹੈ ਤੇ ਨਾਲ ਬ੍ਰੈਕਟ ਵਿੱਚ ਲਿਖਿਆ ਹੈ- ਵਿਆਹ ਦੀ ਵਰ੍ਹੇਗੰਢ ..., 54)।

ਸੰਗ੍ਰਹਿ ਦੀਆਂ ਲੱਗਭੱਗ ਸਾਰੀਆਂ ਹੀ ਕਵਿਤਾਵਾਂ ਆਪਣਿਆਂ/ਅਪਣੱਤ ਬਾਰੇ ਹਨ। ਕਵੀ ਨੇ ਖ਼ਿਆਲੀ ਜਾਂ ਕਾਲਪਨਿਕ ਉਡਾਰੀਆਂ ਰਾਹੀਂ ਵਲਵਲੇ/ਜਜ਼ਬੇ ਵਾਲੀਆਂ ਕਵਿਤਾਵਾਂ ਨਹੀਂ ਲਿਖੀਆਂ, ਸਗੋਂ ਆਸਪਾਸ ਵਿਚਰਦੇ/ਰੋਜ਼ਾਨਾ ਮਿਲਦੇ-ਗਿਲਦੇ ਲੋਕਾਂ ਬਾਰੇ ਸਧਾਰਨ ਬੋਲੀ ਤੇ ਸ਼ੈਲੀ ਵਿੱਚ ਲਿਖਿਆ ਹੈ। ਉਹਨੇ ਬਿਨਾਂ ਕਿਸੇ ਉਚੇਚ ਤੋਂ, ਬਿਨਾਂ ਅਲੰਕਾਰਾਂ, ਚਿੰਨ੍ਹਾਂ, ਪ੍ਰਤੀਕਾਂ ਤੋਂ ਆਮ ਲੋਕਾਂ ਦੇ ਸਮਝ ਆਉਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ ਹੈ। @ਪਾਪਾ ਦੇ ਨਾਂ@ (23) ਤੋਂ @ਮੁਸਕਾਨ ਦੇ ਨਾਂ@ (98) ਤੱਕ ਫੈਲੀਆਂ ਇਹ ਕਵਿਤਾਵਾਂ ਜ਼ਿੰਦਗੀ ਦੀ ਸਹਿਜਤਾ, ਰਵਾਨੀ ਤੇ ਸ਼ਾਂਤੀ ਨਾਲ ਵਾਬਸਤਾ ਹਨ। ਦਵਿੰਦਰ ਨੂੰ ਉਹਦੀ ਪਹਿਲ-ਪਲੇਠੀ ਕਾਵਿ-ਕਿਤਾਬ ਲਈ ਮੁਬਾਰਕ!

# ਕੋਹ ਨਾ ਚੱਲੀ ਬਾਬਾ ਤਿਹਾਈ

ਤੁਰਦੀ ਜ਼ਿੰਦਗੀ ਤੇ ਵਗਦੇ ਪਾਣੀ ਧੜਕਦੀ ਜ਼ਿੰਦਗੀ ਦੇ ਚਿੰਨ੍ਹ ਹੁੰਦੇ ਹਨ। ਜਦੋਂ ਪਾਣੀ ਰੁਕ ਜਾਂਦਾ ਹੈ ਤਾਂ ਉਹ ਝੀਲ ਦਾ ਰੂਪ ਧਾਰ ਲੈਂਦਾ ਹੈ। ਰੁਕਿਆ ਹੋਇਆ ਪਾਣੀ ਗੰਦਲਾ ਹੋ ਜਾਂਦਾ ਹੈ। ਗੰਦਲੇ ਪਾਣੀ ਵਿਚੋਂ ਫਿਰ ਬੋਅ ਆਉਂਣ ਲੱਗ ਪੈਂਦੀ ਹੈ।

ਇਹੋ ਹਾਲ ਜ਼ਿੰਦਗੀ ਦਾ ਹੁੰਦਾ ਹੈ। ਸਾਹ ਲੈਂਦੀ, ਤੁਰਦੀ ਫਿਰਦੀ- ਜ਼ਿੰਦਗੀ ਹੀ ਚੰਗੀ ਲੱਗਦੀ ਹੈ। ਜਦੋਂ ਵੀ ਕਿਸੇ ਮੋੜ ਉਤੇ ਜ਼ਿੰਦਗੀ ਆ ਕੇ ਰੁਕ ਜਾਂਦੀ ਹੈ ਤਾਂ ਉਹ ਤੁਰਦੀ-ਫਿਰਦੀ ਇੱਕ ਲਾਸ਼ ਬਣ ਜਾਂਦੀ ਹੈ। ਇਹ ਲਾਸ਼ ਅਸੀਂ ਮੋਢਿਆਂ 'ਤੇ ਚੁੱਕੀ ਫਿਰਦੇ ਰਹਿੰਦੇ ਹਾਂ। ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਆਪਣੀ ਲਾਸ਼ ਦੀ ਸਵਾਰੀ ਬਣੇ ਹੋਏ ਹਾਂ। ਪਰ ਫੇਰ ਵੀ ਅਸੀਂ ਜਿਉਂਦੇ ਹੋਣ ਦਾ ਭਰਮ ਪਾਲੀ ਰੱਖਦੇ ਹਾਂ।

ਤੁਰਦੇ ਬੰਦੇ ਹੀ ਮੰਜ਼ਿਲ ਉਤੇ ਪੁੱਜਦੇ ਹਨ। ਜਿਹੜੇ ਕਿਸੇ ਚੁਰਾਹੇ ਉੱਤੇ ਰੁਕ ਜਾਂਦੇ ਹਨ, ਸੜਕਾਂ ਦੇ ਮੀਲ ਪੱਥਰ ਬਣ ਜਾਂਦੇ ਹਨ, ਜਿਹੜੇ ਮੰਜ਼ਿਲ ਦਾ ਸੂਚਕ ਤਾਂ ਹੁੰਦੇ ਪਰ ਮੰਜਿਲ ਨਹੀਂ। ਰੁਕੀ ਜ਼ਿੰਦਗੀ ਤੇ ਟੁੱਟੇ ਪੱਤੇ ਦੀ ਚੱਕਰ 'ਚ ਫਸ ਜਾਂਦੀ ਹੈ।

ਉਨ੍ਹਾਂ ਦੀ ਹਾਲਤ ਉਸ ਪੱਤੇ ਵਰਗੀ ਹੁੰਦੀ ਹੈ। ਜਿਹੜਾ ਰੁੱਖ ਨਾਲੋਂ ਟੁੱਟ ਗਿਆ ਹੁੰਦਾ। ਉਹ ਹਵਾ ਸਹਾਰੇ ਇੱਧਰ-ਉੱਧਰ ਉੱਡਦਾ ਰਹਿੰਦਾ ਹੈ। ਆਖਰ ਕਿਸੇ ਕੋਨੇ ਵਿੱਚ ਰੁਕ ਜਾਂਦਾ ਹੈ। ਕੋਨੇ ਵਿਚ ਰੁਕਿਆ ਪੱਤਾ ਹਨੇਰੇ ਵਿੱਚ ਹੀ ਗਵਾਚ ਜਾਂਦਾ ਹੈ।

ਜਦੋਂ ਚੀਜ਼ ਤੁਹਾਡੇ ਕੋਲੋਂ ਗਵਾਚ ਜਾਂਦੀ ਹੈ ਤਾਂ ਉਸ ਚੀਜ਼ ਦੇ ਮੁੱਲ ਦਾ ਸਾਨੂੰ ਪਤਾ ਲੱਗਦਾ ਹੈ। ਅਸੀਂ ਉਦੋਂ ਤੱਕ ਬੇਫਿਕਰ ਹੋਏ ਰਹਿੰਦੇ ਹਾਂ ਜਦੋਂ ਤੱਕ ਚੀਜ਼ ਸਾਡੇ ਕੋਲ ਹੁੰਦੀ ਹੈ। ਜਦੋਂ ਚੀਜ਼ ਹੱਥੋਂ ਕਿਰ ਜਾਂਦੀ ਹੈ ਜਾਂ ਵਿਛੜ ਜਾਂਦੀ ਹੈ। ਤਾਂ ਫੇਰ ਸਾਨੂੰ ਮੁੱਲ ਦਾ ਪਤਾ ਲੱਗਦਾ ਹੈ। ਫਿਰ ਅਸੀਂ ਅਤੀਤ ਦੇ ਵਰਕਿਆਂ ਨੂੰ ਫਰੋਲਣ ਲੱਗਦੇ ਹਾਂ। ਕਿਸੇ ਨੇ ਕਿਹਾ ਹੈ ਕਿ:-
"ਮਿੱਟੀ ਨਾ ਫਰੋਲ ਜੰਗੀਆ, ਨਹੀਂ ਲੱਭਣੇ ਲਾਲ ਗਵਾਚੇ।"

ਫੇਰ ਅਸੀਂ ਮਿੱਟੀ ਫਰੋਲਣ ਲੱਗਦੇ ਹਾਂ। ਪਰ ਸਾਨੂੰ ਹੰਝੂਆਂ ਤੋਂ ਬਿਨਾਂ ਕੁੱਝ ਵੀ ਨਹੀਂ ਲੱਭਦਾ। ਉਂਝ ਅਸੀਂ ਲਾਲ ਲੱਭਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਾਂ। ਪਾਣੀ ਇਕੋ ਵਾਰੀ ਪੁੱਲਾਂ ਦੇ ਹੇਠ ਦੀ ਲੰਘਦਾ ਹੈ। ਲੰਘਿਆ ਪਾਣੀ ਤੇ ਲੰਘ ਗਈ ਜ਼ਿੰਦਗੀ ਵਾਪਸ ਨਹੀਂ ਪਰਤਦੀ।

ਅਸੀਂ ਉਸ ਜ਼ਿੰਦਗੀ ਨੂੰ ਵਾਪਸ ਲਿਆਉਣ ਦੇ ਸੁਪਨੇ ਸਿਰਜਦੇ ਹਾਂ। ਅਸੀਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਤਾਂਘ ਵਿੱਚ ਸਦਾ ਰਹਿੰਦੇ ਹਾਂ, ਪਰ ਸਾਨੂੰ ਹੈ ਕਿ ਸੁਪਨੇ ਕਦੇ ਸਾਕਾਰ ਨਹੀਂ ਹੁੰਦੇ ਪਰ ਸੁਪਨਿਆਂ ਵਿੱਚ ਰਹਿੰਦੀਆਂ ਅਸੀਂ ਵੱਖਰੀ ਦੁਨੀਆਂ ਦੇ ਵਾਸੀ ਬਣ ਜਾਂਦੇ ਹਾਂ। ਅਸੀਂ ਰਹਿੰਦੇ ਤਾਂ ਧਰਤੀ ਉੱਤੇ ਹੀ ਹਾਂ ਪਰ ਸੁਪਨਿਆਂ ਵਿਚ ਅਸੀਂ ਬੜੀ ਦੂਰ ਚਲੇ ਜਾਂਦੇ ਹਾਂ।

ਧਰਤੀ ਨਾਲੋਂ ਜਿਉਂ-ਜਿਉਂ ਅਸੀਂ ਉੱਤੇ ਉੱਠ ਰਹੇ ਹਾਂ, ਤਾਂ ਸਾਡੇ ਮਨਾਂ ਅੰਦਰ ਓਨੀ ਹੀ ਬੇਚੈਨੀ, ਗੁੱਸਾ, ਨਫਰਤ ਤੇ ਹੰਕਾਰ ਵਧੀ ਜਾ ਰਿਹਾ ਹੈ। ਅਸੀਂ ਆਪੋ-ਆਪਣੀ ਮੈਂ ਵਿੱਚ ਫਸਦੇ ਜਾ ਰਹੇ ਹਾਂ।

ਜਦੋਂ ਅਸੀਂ ਆਪਣੀ 'ਮੈਂ' ਵਿੱਚੋਂ ਬਾਹਰ ਆਉਂਦੇ ਹਾਂ, ਉਦੋਂ ਤੱਕ ਸਮਾਂ ਬਹੁਤ ਅੱਗੇ ਲੰਘ ਜਾਂਦਾ ਹੈ। ਅਸੀਂ ਬਹੁਤ ਪਿੱਛੇ ਰਹਿ ਜਾਂਦੇ ਹਾਂ। ਪਿੱਛੇ ਰਹਿ ਗਿਆਂ ਨੂੰ ਆਪਣੇ ਨਾਲ ਰਲਾਉਣ ਲਈ ਕੋਈ ਰੁਕਦਾ ਨਹੀਂ। ਕੋਈ ਪਿੱਛੇ ਪਰਤ ਕੇ ਨਹੀਂ ਵੇਖਦਾ।

ਅਸੀਂ ਉਸ ਹਾਲਤ ਵਿੱਚ ਪੁੱਜ ਜਾਂਦੇ ਹਾਂ ਕਿ ਸਾਡੇ ਕੋਲ ਲੱਤਾਂ ਹੋਣ ਦੇ ਬਾਵਜੂਦ ਅਸੀਂ ਨਹੀਂ ਤੁਰ ਸਕਦੇ। ਸਾਡੇ ਕੋਲ ਜੀਭ ਹੋਣ 'ਤੇ ਵੀ ਅਸੀਂ ਬੋਲ ਨਹੀਂ ਸਕਦੇ। ਅਸੀਂ ਬੋਲਣ ਦਾ ਯਤਨ ਤਾਂ ਕਰਦੇ ਹਾਂ ਪਰ ਸਾਡੀ ਕੋਈ ਆਵਾਜ਼ ਨਹੀਂ ਸੁਣਦਾ।
ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਵੇ,
ਕਿਸੇ ਨੇ ਮੇਰੀ ਗੱਲ ਨਾ ਸੁਣੀ।

ਸਾਡੀ ਗੱਲ ਸੁਨਣ ਦਾ ਕਿਸੇ ਕੋਲ ਸਮਾਂ ਨਹੀਂ। ਅਸੀਂ ਤਾਂ ਦੌੜੀ ਜਾ ਰਹੇ ਹਾਂ-ਪਦਾਰਥਾਂ ਪਿੱਛੇ। ਅਸੀਂ ਵਸਤੂਆਂ ਨਾਲ ਆਪਣੇ ਘਰ ਭਰ ਲਏ ਹਨ। ਘਰਾਂ ਅੰਦਰ ਵਸਤੂਆਂ ਦੀ ਗਿਣਤੀ ਵੱਧ ਗਈ ਹੈ। ਘਰਾਂ ਵਿੱਚੋਂ ਜ਼ਿੰਦਗੀ ਦੂਰ ਚਲੇ ਗਈ ਹੈ। ਘਰ ਅਸੀਂ ਸਟੋਰ ਬਣਾ ਦਿੱਤੇ ਹਨ। ਇਨ੍ਹਾਂ ਸਟੋਰਾਂ ਵਿਚ ਜ਼ਿੰਦਗੀ ਨਹੀਂ ਧੜਕਦੀ। ਵਸਤੂਆਂ ਦੇ ਬਿੱਲ ਆਉਂਦੇ ਹਨ। ਅਸੀਂ ਬਿੱਲ ਉਤਾਰਦੇ ਖੁਦ ਵਸਤੂ ਬਣ ਗਏ ਹਾਂ।

ਸਾਡੇ ਅੰਦਰ ਸੁਹਜ ਸੰਵੇਦਨਾ ਮਰ ਗਈ ਹੈ। ਅਸੀਂ ਪੱਥਰ ਬਣ ਗਏ ਹਾਂ। ਤੁਰਦੀਆਂ-ਫਿਰਦੀਆਂ ਮੂਰਤੀਆਂ ਵਾਲੇ ਜਿਸਮ ਲਈ ਅਸੀਂ ਇੱਕ ਦੂਜੇ ਨੂੰ ਲਤਾੜਦੇ ਦੌੜ ਰਹੇ ਹਾਂ। ਇਹ ਅੰਨ੍ਹੀ ਦੌੜ ਕਦੋਂ ਤੇ ਕਿੱਥੇ ਖਤਮ ਹੋਵੇਗੀ ? ਇਸ ਦੌੜ ਦਾ ਅੰਤ ਕੀ ਹੋਵੇਗਾ ? ਇਸ ਦੌੜ ਨੇ ਸਾਡੇ ਕੋਲੋਂ ਬੜਾ ਕੁੱਝ ਖੋਹ ਲਿਆ ਹੈ।

ਸਾਡਾ ਅੰਦਰ ਮੁਰਦਾ ਸ਼ਾਂਤੀ ਨਾਲ ਭਰ ਗਿਆ ਸਾਡੇ ਹੱਥਾਂ ਵਿੱਚੋਂ ਕਿਰਤ ਖੁਸ ਗਈ ਹੈ। ਸਾਡੇ ਹੱਥਾਂ ਦੇ ਵਿਚ ਠੂਠੇ ਫੜਾ ਦਿੱਤੇ ਹਨ। ਅਸੀਂ ਨੀਲੇ,ਪੀਲੇ ਤੇ ਲਾਲ ਕਾਰਡ ਬਨਾਉਣ ਦੇ ਲਈ ਪੱਬਾਂ ਭਾਰ ਹੋਏ ਪਏ ਹਾਂ।

ਅਸੀਂ ਕਦੇ ਇਹਨਾਂ ਸਿਆਸੀ ਆਗੂਆਂ ਨੂੰ ਇਹ ਨਹੀਂ ਪੁੱਛਦੇ ਕਿ ਤੁਹਾਡੀ ਆਮਦਨ ਕਿਉਂ ਹਰ ਸਾਲ ਵੱਧਦੀ ਹੈ ਤੇ ਲੋਕ ਕਿਉਂ ਖੁਦਕੁਸ਼ੀਆਂ ਤੱਕ ਪੁਜ ਗਏ ? ਕਿਉਂਕਿ ਇਹ ਸਿਆਸੀ ਆਗੂ ਸਾਨੂੰ 'ਮੁਫਤ' ਦੀਆਂ ਸਹੂਲਤਾਂ ਦਿੰਦੇ ਹਨ।

ਅਸੀਂ ਆਪੋ ਆਪਣੇ ਖੋਲ ਅੰਦਰ ਗਵਾਚ ਗਏ ਹਾਂ। ਅਸੀਂ ਤੜਫ ਰਹੇ ਹਾਂ। ਅਸੀਂ ਚੀਕ ਰਹੇ ਹਾਂ। ਅਸੀਂ ਕਰ ਰਹੇ ਹਾਂ, ਜਾਂ ਫਿਰ ਸਾਨੂੰ ਮਾਰਿਆ ਜਾ ਰਿਹਾ ਹੈ। ਵਿਕਾਸ ਦੇ ਨਾਂਅ ਹੇਠ ਸਾਡੇ ਕੋਲੋਂ ਰੋਟੀ ਖੋਹੀ ਜਾ ਰਹੀ ਹੈ।। ਰੋਟੀ ਬਦਲੇ ਸਾਨੂੰ ਮਿਲਦੀ ਸਾਨੂੰ ਪੁਲਿਸ ਦੀ ਕੁੱਟ ਜਾਂ ਫਿਰ ਗੋਲੀ ਮਿਲਦੀ ਹੈ।

ਬੰਦੂਕਾਂ ਦੇ ਢਿੱਡ ਨਹੀਂ ਹੁੰਦੇ। ਜਿਨ੍ਹਾਂ ਦਾ ਇਹ ਦੇਸ਼ ਹੈ, ਉਨ੍ਹਾਂ ਲਈ ਇਸ ਦੇਸ਼ ਵਿੱਚ ਕੋਈ ਥਾਂ ਨਹੀਂ। ਉਨ੍ਹਾਂ ਨੂੰ ਨਿੱਤ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਇਹ ਕੁੱਟ ਕਦੇ ਪੰਜਾਬ ਦੀ ਧਰਤੀ 'ਤੇ ਪੈਂਦੀ ਹੈ, ਕਦੇ ਜੰਮੂ ਕਸ਼ਮੀਰ, ਛੱਤੀਸ਼ਗੜ੍ਹ, ਝਾਰਖੰਡ, ਕਦੇ ਦਿੱਲੀ, ਗੁਜਰਾਤ, ਯੂਪੀ, ਅਸਾਮ ਵਿੱਚ ਤੇ ਅੱਜ ਤਾਂ ਦੇਸ਼ ਦਾ ਹਰ ਥਾਂ ਕਤਲਗਾਹ ਬਣਾ ਦਿੱਤਾ ਗਿਆ ਹੈ। ਕਿਤੇ ।ਵੀ ਕਦੇ ਵੀ ਹੋ ਸਕਦਾ ਐ, ਕੁੱਝ ਵੀ। ਅਜੇ ਤਾਂ ਦੇਸ਼ ਨੂੰ ਆਜ਼ਾਦ ਹੋਇਆਂ ਹੀ ਬਹੱਤਰ ਵਰ੍ਹੇ ਬੀਤੇ ਹਨ। ਇਨਾਂ ਵਰ੍ਹਿਆਂ ਵਿਚ ਅਸੀਂ ਦੇਸ਼ ਨੂੰ ਕਿਸ ਮੋੜ 'ਤੇ ਲਿਆ ਕਿ ਖੜਾ ਕਰ ਦਿੱਤਾ ਹੈ।
ਅਸੀਂ ਮਹਾਂ ਗੁਰੂ, ਮਹਾਂ ਸ਼ਕਤੀ ਬਣਦ ਬਣਦੇ, ਜ਼ੀਰੋ ਬਣ ਗਏ ਹਨ। ਜ਼ੀਰੋ ਦਾ ਕੋਈ ਮੁੱਲ ਨਹੀਂ ਹੁੰਦਾ, ਸਾਡਾ ਕੀ ਹੋਣਾ, ਬਸ ਏਹੀ ਹੈ ਰੋਣਾ ਧੋਣਾ ।ਸਦੀਆਂ ਲੰਘ ਗਈਆਂ। ਵਹਿ ਗਏ ਪਾਣੀ। ਰੁਕ ਗਈ ਜ਼ਿੰਦਗੀ, ਉਠ ਮਗਰ ਤੁਰੇ ਕੁੱਤੇ ਵਾਂਗ, ਦੌੜ ਰਹੇ ਹਾਂ। ਖੜਾ ਪਾਣੀ ਤੇ ਮਨੁੱਖ ਮੁਸ਼ਕ ਜਾਂਦਾ ਹੈ। ਅਸੀਂ ਮੁੱਸ਼ਕ ਰਹੇ ਹਾਂ। ਰੁੱਖਾਂ ਵਾਂਗ ਸੁੱਕ ਰਹੇ ਹਾਂ। ਸਾਨੂੰ ਪਾਣੀ ਦੇਣ ਵਾਲੇ ਹੱਥ ਵੱਢ ਦਿੱਤੇ ਹਨ।

ਸਾਡੇ ਕੋਲੋਂ ਪੌਣ-ਪਾਣੀ ਤੇ ਧਰਤੀ ਖੋਹੀ ਜਾ ਰਹੀ ਹੈ। ਕਿਸੇ ਕੋਲੋਂ ਰੁਜਗਾਰ ਖੋਹ ਲੈਣ। ਅਸਲ ਵਿੱਚ ਉਸਦੀ ਜਿੰਦਗੀ ਖੋਹ ਲੈਣਾ ਹੁੰਦਾ ਹੈ। ਸਾਡੇ ਕੋਲੋਂ ਜ਼ਿੰਦਗੀ ਖੋਹੀ ਜਾ ਰਹੇ ਹਾਂ। ਅਸੀਂ ਪਿਆਸੇ ਤੜਫ ਰਹੇ ਹਾਂ।

ਕਦ ਤੱਕ ? ਸੁੱਤੇ ਰਹਾਂਗੇ। ਹੁਣ ਤਾਂ ਜਾਗ ਪਵੋ,
ਦੁਸ਼ਮਣ ਤੇ ਮਨੁੱਖਤਾ ਦੇ ਕਾਤਲਾਂ ਦੇ ਗਲ ਪਵੋ। ਹੁਣ ਬਿਨ ਜਾਗਰੂਕ ਤੇ ਇੱਕਠੇ ਹੋਇਆਂ ਸਰਨਾ ਨਹੀਂ ਜਾਂ ਤੁਸੀਂ ਕਦੇ ਮਰਨਾ ਨਹੀਂ ? ਕੁੱਝ ਕਰ ਮਰੋ, ਐਵੇਂ ਨਾ ਡਰੋ।

ਖੜਾ ਪਾਣੀ, ਵਹਿ ਰਿਹਾ ਪਾਣੀ, ਰੁਕੀ ਤੇ ਤੁਰਦੀ ਜ਼ਿੰਦਗੀ ਨੇ ਕੀ ਖੱਟਿਆ ਐ ? ਮਿਰਗ ਤ੍ਰਿਸਨਾ ਵਿੱਚ ਸਿਰ ਉਤੇ ਰੱਖ ਕੇ ਪੈਰ ਦੌੜਦੇ ਰਹੇ ।ਇੱਕ ਥਾਂ ਤੋਂ ਦੂਜੀ ਥਾਂ। ਭਰਿਆ ਢਿੱਡ , ਨੀਤ ਨਹੀਂ ਭਰੀ। ਕੋਹ ਨਹੀਂ ਤੁਰੇ। ਬਾਬਾ ਪੱਚੀ ਵਰ੍ਹੇ ਤੁਰਿਆ। ਸ਼ਬਦ ਰਬਾਬ ਨਾਲ ਚਾਨਣ ਵੰਡਿਆ। ਜ਼ਿੰਦਗੀ ਦੇ ਅਰਥ ਦੱਸੇ। ਬੰਦੇ ਨੂੰ ਮੈਂ ਤੋਂ ਮੁਕਤ ਹੋਣ ਦਾ ਸਬਕ ਪੜਾਇਆ, ਕਿਰਤ ਦੀ ਰਾਖੀ ਕਿਵੇਂ ਕਰਨੀ, ਹੱਕ ਸੱਚ ਤੇ ਜ਼ਬਰ, ਜ਼ੁਲਮ ਦੇ ਵਿਰੁੱਧ ਕਿਰਪਾਨ ਨੂੰ ਤਲਵਾਰ ਬਣਾਇਆ। ਸੁੱਤੀ ਕੌਮ ਜਗਾਇਆ।

ਅਸੀਂ ਤੇ ਕੋਹ ਦਾ ਪੈਂਡਾ ਵੀ ਨਹੀਂ ਮੁਕਾਇਆ। ਅਖੇ ਬਾਬਾ ! ਕੋਹ ਨਾ ਚੱਲੀ, ਬਾਬਾ ਮੈਂ ਤ੍ਰਿਹਾਈ। ਭਲਾ ਮਨ ਦੇ ਭੁੱਖੇ ਦੀ ਕਿਸ ਨੇ ਪਿਆਸ ਬੁਝਾਈ ?

ਬੁੱਧ ਸਿੰਘ ਨੀਲੋਂ
94643-70823

# ਜਦੋਂ ਸਾਨੂੰ ਕਲੱਬ ਵਾਲਿਆਂ ਨੇ ਭਾਰਤੀ ਕੱਪੜੇ ਪਾ ਕੇ ਅੰਦਰ ਜਾਣ ਤੋਂ ਰੋਕਿਆ

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਕਈ ਸਾਲ ਪਹਿਲਾਂ (2002) ਦੀ ਗੱਲ ਹੈ ਕਿ ਅਸੀਂ ਕੁਝ ਜਣੇ ਆਪਣੇ ਇੱਕ ਦੋਸਤ ਨਾਲ ਜੋ ਕਿ ਚੰਡੀਗੜ੍ਹ ਕਲੱਬ ਦਾ ਮੈਂਬਰ ਸੀ, ਨਾਲ ਚੰਡੀਗੜ੍ਹ ਕਲੱਬ ਗਏ। ਬਾਕੀ ਸਾਰਿਆਂ ਨੇ ਪੈਂਟਾਂ ਕਮੀਜ਼ਾਂ ਪਹਿਨੀਆਂ ਹੋਈਆਂ ਸਨ ਪਰ ਦੋ ਲੀਡਰ ਟਾਈਪ ਬੰਦਿਆਂ ਦੇ ਕੁੜਤੇ ਪਜ਼ਾਮੇ ਪਾਏ ਹੋਏ ਸਨ। ਅਸੀਂ ਤਾਂ ਅੰਦਰ ਲੰਘ ਗਏ ਪਰ ਕੁੜਤੇ ਪਜ਼ਾਮੇ ਵਾਲਿਆਂ ਨੂੰ ਗਾਰਡ ਨੇ ਘੇਰ ਲਿਆ ਕਿਉਂਕਿ ਕੁੜਤਾ ਪਜ਼ਾਮਾ ਪਹਿਨ ਕੇ ਅੰਦਰ ਜਾਣਾ ਮਨ੍ਹਾਂ ਸੀ। ਉਨ੍ਹਾਂ ਨੂੰ ਕਲੱਬ ਵੱਲੋਂ ਉਥੇ ਰੱਖੀਆਂ ਹੋਈਆਂ ਮੈਲੀਆਂ ਜਿਹੀਆਂ ਨਹਿਰੂ ਜੈਕਟਾਂ ਪਹਿਨ ਕੇ ਹੀ ਅੰਦਰ ਜਾਣ ਦਿੱਤਾ ਗਿਆ। ਭਾਰਤੀ ਪਹਿਰਾਵੇ ਦੀ ਅਜਿਹੀ ਬੇਇੱਜ਼ਤੀ ਵੇਖ ਕੇ ਸਾਰੇ ਹੈਰਾਨ ਰਹਿ ਗਏ। ਭਾਰਤ 'ਤੇ ਰਾਜ ਕਰਨ ਸਮੇਂ ਅੰਗਰੇਜ਼ਾਂ ਨੇ ਆਪਣੇ ਮੰਨੋਰੰਜਨ ਲਈ ਭਾਰਤ ਦੇ ਹਰੇਕ ਵੱਡੇ ਸ਼ਹਿਰ ਵਿੱਚ ਕਲੱਬਾਂ ਦੀ ਉਸਾਰੀ ਕਰਵਾਈ ਸੀ। ਉਹ ਸਿਰਫ ਗੋਰਿਆਂ ਵਾਸਤੇ ਸਨ 'ਤੇ ਭਾਰਤੀਆਂ ਦਾ ਉਥੇ ਜਾਣਾ ਮਨ੍ਹਾਂ ਸੀ। ਇੰਡੀਅਨਜ਼ ਐਂਡ ਡੌਗਜ਼ ਆਰ ਨੌਟ ਅਲਾਊਡ ਵਾਲਾ ਬੋਰਡ ਇਨ੍ਹਾਂ ਵਿੱਚੋਂ ਕਈ ਕਲੱਬਾਂ ਦੇ ਬਾਹਰ ਹੀ ਟੰਗਿਆ ਗਿਆ ਸੀ।

ਲਾਰਡ ਮੈਕਾਲੇ (ਜਿਸ ਨੇ ਭਾਰਤੀ ਵਿਦਿਅਕ ਢਾਂਚਾ ਤਿਆਰ ਕੀਤਾ ਸੀ) ਨੇ ਅਜ਼ਾਦੀ ਤੋਂ ਬਹੁਤ ਪਹਿਲਾਂ ਭਵਿੱਖਬਾਣੀ ਕੀਤੀ ਸੀ ਕਿ ਸਾਡਾ ਵਿਦਿਅਕ ਸਿਸਟਮ ਇੱਕ ਅਜਿਹਾ ਭਾਰਤੀ ਵਰਗ ਪੈਦਾ ਕਰੇਗਾ ਜੋ ਸਿਰਫ ਰੰਗ ਵਿੱਚ ਹੀ ਅੰਗਰੇਜ਼ਾਂ ਤੋਂ ਵੱਖਰਾ ਹੋਵੇਗਾ।ਸ਼ਹੀਦ ਭਗਤ ਸਿੰਘ ਨੇ ਵੀ ਕਿਹਾ ਸੀ ਕਿ ਜੇ ਕ੍ਰਾਂਤੀ ਨਾ ਹੋਈ ਤਾਂ ਭਾਰਤ ਦੇ ਅਜ਼ਾਦ ਹੋਣ ਨਾਲ ਕੋਈ ਫਰਕ ਨਹੀਂ ਪੈਣਾ। ਗੋਰੇ ਅੰਗਰੇਜ਼ ਚਲੇ ਜਾਣਗੇ ਤੇ ਕਾਲੇ ਅੰਗਰੇਜ਼ ਸੱਤਾ ਵਿੱਚ ਆ ਜਾਣਗੇ। ਅੱਜ ਭਾਰਤ ਵਿੱਚ ਚੱਲ ਰਹੇ ਸੈਂਕੜੇ ਕਲੱਬ ਲਾਰਡ ਮੈਕਾਲੇ ਅਤੇ ਸ਼ਹੀਦ ਭਗਤ ਸਿੰਘ ਦੀਆਂ ਭਵਿੱਖਬਾਣੀਆਂ 'ਤੇ ਅੱਖਰ ਅੱਖਰ ਖਰੇ ਉੱਤਰ ਰਹੇ ਹਨ। ਜਦੋਂ ਗੋਰੇ ਚਲੇ ਗਏ ਤਾਂ ਇਹ ਕਲੱਬ ਭੂਰੇਸਾਹਿਬਾਂ (ਭਾਰਤੀਆਂ) ਦੇ ਹੱਥਾਂ ਵਿੱਚ ਆ ਗਏ ਤੇ ਸਿਰਫ ਫਰਾਟੇਦਾਰ ਇਗਲਿਸ਼ ਬੋਲਣ ਵਾਲੇ ਅਮੀਰਾਂ, ਤਾਕਤਵਰ ਨੇਤਾਵਾਂ, ਆਈ.ਏ.ਐਸ, ਆਈ.ਪੀ.ਐਸ ਅਤੇ ਸੀਨੀਅਰ ਫੌਜੀ ਅਫਸਰਾਂ ਆਦਿ ਦੇਸ਼ ਦੀ ਕਰੀਮ ਨੂੰ ਹੀ ਮੈਂਬਰਸ਼ਿਪ ਦਿੱਤੀ ਜਾਂਦੀ ਸੀ। ਅਜ਼ਾਦੀ ਲਈ ਜਾਨਾਂ ਵਾਰਨ ਵਾਲੇ, ਜ਼ਮੀਨ ਜਾਇਦਾਦਾਂ ਕੁਰਕ ਕਰਾਉਣ ਵਾਲ ਅਤੇ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿੱਚ ਸੜਨ ਵਾਲੇ ਅਜ਼ਾਦੀ ਦੇ ਮਤਵਾਲਿਆਂ ਲਈ ਇਨ੍ਹਾਂ ਵਿੱਚ ਕੋਈ ਜਗ੍ਹਾ ਨਹੀਂ ਸੀ। ਅੱਜ ਵੀ ਸਥਿੱਤੀ ਜਿਉਂ ਦੀ ਤਿਉਂ ਹੈ ਕਿਉਂਕਿ ਮੈਂਬਰਸ਼ਿੱਪ ਫੀਸ ਤੇ ਵੇਟਿੰਗ ਲਿਸਟ ਐਨੀ ਜਿਆਦਾ ਹੈ ਜੋ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ।

ਇਹ ਕਲੱਬ ਕਿਉਂਕਿ ਖੁਦਮੁਖਤਿਆਰ ਸੰਸਥਾਵਾਂ ਹਨ, ਇਸ ਕਾਰਨ ਅਜ਼ਾਦੀ ਤੋਂ ਬਾਅਦ ਵੀ ਕਈ ਸਾਲਾਂ ਤੱਕ ਇਨ੍ਹਾਂ ਦੇ ਪ੍ਰਬੰਧਕ ਦਿਮਾਗੀ ਤੌਰ 'ਤੇ ਅੰਗਰੇਜ਼ਾਂ ਦੇ ਗੁਲਾਮ ਰਹੇ। ਕਲਕੱਤਾ ਦੇ ਬੰਗਾਲ ਕਲੱਬ ਨੇ ਅਜ਼ਾਦੀ ਤੋਂ 12 ਸਾਲ ਬਾਅਦ ਆਪਣੇ ਦਰਵਾਜ਼ੇ ਭਾਰਤੀਆਂ ਵਾਸਤੇ ਖੋਲ੍ਹੇ ਸਨ ਤੇ ਅਗਲੇ ਹੋਰ 8 ਸਾਲ ਤੱਕ ਕਲੱਬ ਦੇ ਬ੍ਰਿਟਿਸ਼ ਪ੍ਰਧਾਨ ਨੂੰ ਹਟਾਉਣ ਦੀ ਹਿੰਮਤ ਨਾ ਕੀਤੀ।ਮੁੰਬਈ ਦੇ ਇੱਕ ਅਜਿਹੇ ਹੀ ਕਲੱਬ ਨੇ ਅਜ਼ਾਦੀ ਤੋਂ ਕਈ ਸਾਲ ਬਾਅਦ ਤੱਕ ਵੀ ਇੰਡੀਅਨਜ਼ ਐਂਡ ਡੌਗਜ਼ ਨੌਟ ਅਲਾਊਡ ਵਾਲਾ ਬੋਰਡ ਨਹੀਂ ਸੀ ਉਤਾਰਿਆ। ਜਦੋਂ ਕੁਝ ਦੇਸ਼ ਭਗਤਾਂ ਨੇ ਕਲੱਬ ਦੇ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ ਤਾਂ ਜਾ ਕੇ ਇਹ ਬੋਰਡ ਹਟਾਇਆ ਗਿਆ। ਇਹ ਕਲੱਬ ਪੁਰਾਣੀਆਂ ਰਵਾਇਤਾਂ ਜਾਰੀ ਰੱਖਣ ਜਾਂ ਖਤਮ ਕਰਨ ਲਈ ਮੈਂਬਰਾਂ ਵਿੱਚ ਟਕਰਾਉ ਦਾ ਮੈਦਾਨ ਬਣਦੇ ਜਾ ਰਹੇ ਹਨ। ਦਿੱਲੀ ਦਾ ਜ਼ਿਮਖਾਨਾ ਕਲੱਬ 1913 ਵਿੱਚ ਬਣਿਆ ਸੀ। ਨਵੀਂ ਦਿੱਲੀ ਦੀ 28 ਏਕੜ ਜ਼ਮੀਨ ਇਸ ਦੇ ਕਬਜ਼ੇ ਹੇਠ ਹੈ ਜਿਸ ਦਾ ਬਜ਼ਾਰੀ ਮੁੱਲ ਇਸ ਵੇਲੇ ਅਰਬਾਂ ਖਰਬਾਂ ਵਿੱਚ ਹੈ। ਪਰ ਇਹ ਕਲੱਬ ਵੀ ਪੁਰਾਣੀਆਂ ਬ੍ਰਿਟਿਸ਼ ਰਵਾਇਤਾਂ ਨੂੰ ਪ੍ਰੇਤ ਵਾਂਗ ਚੰਬੜਿਆ ਹੋਇਆ ਹੈ।

1991 ਵਿੱਚ ਇਸ ਕਲੱਬ ਨੇ ਅਮਰੀਕਾ ਵਿੱਚ ਭਾਰਤ ਦੇ ਰਹਿ ਚੁੱਕੇ ਰਾਜਦੂਤ ਅਤੇ ਤਿੰਨ ਵਾਰ ਦੇ ਰਾਜ ਸਭਾ ਮੈਂਬਰ ਪਵਨ ਕੁਮਾਰ ਵਰਮਾ ਨੂੰ ਇਸ ਲਈ ਅੰਦਰ ਜਾਣ ਤੋਂ ਰੋਕ ਦਿੱਤਾ ਕਿਉਂਕਿ ਉਸ ਨੇ ਕੁੜਤਾ ਪਜ਼ਾਮਾ ਪਹਿਨਿਆ ਹੋਇਆ ਸੀ। ਵਰਨਣ ਯੋਗ ਹੈ ਕਿ ਵਰਮਾ ਦਾ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਇਸ ਕਲੱਬ ਦਾ ਮੈਂਬਰ ਸੀ। ਜਦੋਂ ਵਰਮਾ ਧਰਨਾ ਲਗਾ ਕੇ ਗੇਟ ਦੇ ਸਾਹਮਣੇ ਬੈਠ ਗਿਆ ਤਾਂ ਮਜ਼ਬੂਰਨ ਕਲੱਬ ਦੇ ਉਸ ਵੇਲੇ ਦੇ ਪ੍ਰਧਾਨ ਐਡਮਿਰਲ ਜੇ ਤਹਿਲਿਆਨੀ ਨੂੰ ਨਿਯਮ ਬਦਲਣੇ ਪਏ। ਪਰ ਪੁਰਾਣੀਆਂ ਆਦਤਾਂ ਜਲਦੀ ਖਤਮ ਨਹੀਂ ਹੁੰਦੀਆਂ। 2013 ਵਿੱਚ ਇਸ ਕਲੱਬ ਨੇ ਭੁਟਾਨ ਦੇ ਇੱਕ ਬਹੁਤ ਹੀ ਸੀਨੀਅਰ ਬੋਧੀ ਭਿਖਸ਼ੂ ਨੂੰ ਅੰਦਰ ਨਾ ਆਉਣ ਦਿੱਤਾ ਕਿਉਂਕਿ ਉਸ ਨੇ ਆਪਣਾ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਸੀ। ਅਜਿਹੇ ਹੀ ਇੱਕ ਹੋਰ ਕਲੱਬ, ਦਿੱਲੀ ਗੋਲਫ ਕਲੱਬ ਨੇ 2017 ਵਿੱਚ ਮੇਘਾਲਿਆ ਦੀ ਇੱਕ ਚੋਟੀ ਦੀ ਮਨੁੱਖੀ ਅਧਿਕਾਰ ਕਾਰਕੁੰਨਤੇਨ ਲਿੰਗਦੋਹਨੂੰ ਕਲੱਬ ਵਿੱਚੋਂ ਕੱਢ ਦਿੱਤਾ ਸੀ ਕਿਉਂਕਿ ਉਸ ਨੇ ਵੀ ਆਪਣੇ ਸੂਬੇ ਦਾ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਸੀ। ਕਲੱਬ ਵਾਲਿਆਂ ਨੇ ਉਸ ਦੇ ਮੂੰਹ 'ਤੇ ਹੀ ਕਹਿ ਦਿੱਤਾ ਸੀ ਉਹ ਕਿਸੇ ਨੌਕਰਾਣੀ ਵਰਗੀ ਲੱਗਦੀ ਹੈ।

ਇਸ 'ਤੇ ਅਖਬਾਰਾਂ ਵਿੱਚ ਬਹੁਤ ਹੰਗਾਮਾ ਮੱਚਿਆ ਸੀ ਪਰ ਕਲੱਬ ਨੇ ਆਪਣੇ ਨਿਯਮ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ। 1855 ਈਸਵੀ ਵਿੱਚ ਬਣੇ ਕਲਕੱਤਾ ਦੇ ਟਾਲੀਗੰਜ ਕਲੱਬ (ਕੁੱਲ ਰਕਬਾ 110 ਏਕੜ) ਵੀ ਬੰਗਾਲ ਵਿੱਚ ਹੁੰਦੇ ਹੋਏ ਵੀ ਬੰਗਾਲੀ ਧੋਤੀ ਕੁੜਤਾ ਪਹਿਨਣ ਵਾਲਿਆਂ ਨੂੰ ਪ੍ਰਵੇਸ਼ ਨਹੀਂ ਕਰਨ ਦਿੰਦਾ, ਜਦੋਂ ਕਿ ਜ਼ੀਨਜ਼ ਤੇ ਟੀ ਸ਼ਰਟ 'ਤੇ ਕੋਈ ਪਾਬੰਦੀ ਨਹੀਂ ਹੈ। ਇਸ ਕਲੱਬ ਨੇ 2021 ਵਿੱਚ ਤਾਮਿਲ ਸਟਾਈਲ ਧੋਤੀ(ਵੇਸ਼ਠੀ) ਕੁੜਤਾ ਪਹਿਨਣਵਾਲੇ ਸਾਬਕਾ ਕੇਂਦਰੀ ਮੰਤਰੀ ਪੀ. ਚਿੰਦਾਬਰਮ ਨੂੰ ਵੀ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਮੂੰਹ ਦੀ ਖਾਣੀ ਪਈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਧੋਤੀ ਕੁੜਤਾ ਪਹਿਨਦੇ ਹਨ। ਉਪਰੋਕਤ ਵਰਤਾਰੇ ਤੋਂ ਤਾਂ ਇਹ ਹੀ ਲੱਗਦਾ ਹੈ ਕਿ ਕਿਸੇ ਦਿਨ ਕਸੌਲੀ ਕਲੱਬ ਦਾ ਪ੍ਰਧਾਨ (ਜੋ ਬ੍ਰਿਗੇਡੀਅਰ ਰੈਂਕ ਦਾ ਹੁੰਦਾ ਹੈ) ਉਨ੍ਹਾਂ ਨੂੰ ਵੀ ਅੰਦਰ ਜਾਣ ਤੋਂ ਰੋਕ ਦੇਵੇ। ਇਹ ਕਲੱਬ ਬ੍ਰਿਟਿਸ਼ ਸੱਭਿਆਚਾਰ ਦੀਆਂ ਭਾਰਤ ਵਿੱਚ ਆਖਰੀ ਨਿਸ਼ਾਨੀਆਂ ਹਨ ਜੋ ਅਜੇ ਵੀ ਵੱਧ ਫੁੱਲ ਰਹੀਆਂ ਹਨ। ਸਾਡੇ ਲੋਕਾਂ ਨੂੰ ਰੀਸ ਕਰਨ ਦੀ ਬਹੁਤ ਬੁਰੀ ਆਦਤ ਹੈ। ਚੰਡੀਗੜ੍ਹ ਸ਼ਹਿਰ ਦੀ ਸਥਾਪਨਾ ਅਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਵਜੋਂ 1953 ਵਿੱਚ ਹੋਈ ਸੀ। ਭਾਵ ਚੰਡੀਗੜ੍ਹ ਕਲੱਬ ਵੀ ਉਸ ਤੋਂ ਬਾਅਦ ਜਾਂ ਆਸ ਪਾਸ ਹੀ ਬਣਿਆ ਹੋਵੇਗਾ। ਇਸ ਦੇ ਪ੍ਰਬੰਧਕਾਂ ਨੇ ਪੁਰਾਣੇ ਕਲੱਬਾਂ ਕੋਲੋਂ ਕੋਈ ਚੰਗੀ ਗੱਲ ਭਾਵੇਂ ਨਾ ਸਿੱਖੀ ਹੋਵੇ, ਪਰ ਕੱਪੜੇ ਦੇ ਅਧਾਰ 'ਤੇ ਭੇਦ ਭਾਵ ਕਰਨਾ ਜਰੂਰ ਸਿੱਖ ਲਿਆ ਹੈ।ਭਾਰਤ ਵਿੱਚ ਖਾਣ ਪੀਣ ਵਾਲੀ ਸ਼ਾਇਦ ਹੀ ਕੋਈ ਹੋਰ ਸੰਸਥਾ ਹੋਵੇ ਜਿੱਥੇ ਇਸ ਤਰਾਂ ਭਾਰਤੀ ਪਹਿਰਾਵੇ ਦੀ ਬੇਇੱਜ਼ਤੀ ਹੁੰਦੀ ਹੋਵੇ। ਫਾਈਵ ਸਟਾਰ, ਸੈਵਨ ਸਟਾਰ ਹੋਟਲ ਤੱਕ ਤੁਸੀਂ ਕੁਝ ਵੀ ਪਹਿਨ ਕੇ ਜਾ ਸਕਦੇ ਹੋ। ਕਲੱਬ ਭਾਵੇਂ ਅੰਦਰੂਨੀ ਤੌਰ 'ਤੇ ਖੁਦਮੁਖਤਿਆਰ ਹਨ, ਪਰ ਵਿਸ਼ੇਸ਼ ਹਾਲਾਤ ਵਿੱਚ ਸਰਕਾਰ ਇਨ੍ਹਾਂ ਨੂੰ ਆਪਣੇ ਅਧਿਕਾਰ ਹੇਠ ਕਰ ਸਕਦੀ ਹੈ। ਦਿੱਲੀ ਜਿੰਮਖਾਨਾ ਕਲੱਬ ਨਾਲ ਅਜਿਹਾ ਹੀ ਹੋਇਆ ਸੀ ਜਦੋਂ ਪੈਸੇ ਗਬਨ ਕਰਨ ਦੇ ਮਾਮਲੇ ਵਿੱਚ ਪ੍ਰਧਾਨ ਅਤੇ ਵਿਰੋਧੀ ਧਿਰ ਦਰਮਿਆਨ ਮਾਮਲਾ ਬੇਹੱਦ ਗੰਭੀਰ ਹੋ ਗਿਆ ਸੀ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕਲੱਬਾਂ ਨੂੰ ਬ੍ਰਿਟਿਸ਼ ਮਾਨਸਿਕਤਾ ਤਿਆਗ ਕੇ ਸਮਾਂ ਵਿਹਾ ਚੁੱਕੇ ਨਿਯਮ ਬਦਲਣ ਲਈ ਸਖਤ ਹੁਕਮ ਜਾਰੀ ਕਰਨ। ਜੇ ਇਹ ਆਪਣੇ ਨਿਯਮ ਨਹੀਂ ਬਦਲਦੇ ਤਾਂ ਇਨ੍ਹਾਂ ਨੂੰ ਆਪਣੇ ਕੰਟਰੋਲ ਹੇਠ ਲੈ ਲੈਣ।

## 23,24,25 ਜੁਲਾਈ ਉਰਸ ਤੇ ਵਿਸ਼ੇਸ਼ ਲੇਖ

# ਸੱਯਦ ਬਾਬਾ ਵਾਰਿਸ ਸ਼ਾਹ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ 9914184794

ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖ਼ਾਂ ਪੰਜਾਬ (ਪਾਕਿਸਤਾਨ) ਵਿਚ ਪਿਤਾ ਕੁਤਬ ਸ਼ਾਹ ਦੇ ਘਰ ਸੰਨ 1722 ਨੂੰ ਸਯੱਦ ਪਰਿਵਾਰ ਵਿਚ ਹੋਇਆ।ਜੰਡਿਆਲਾ ਸ਼ੇਰ ਖ਼ਾਂ ਸ਼ੇਖ਼ੂਪੁਰ ਤੋ 15 ਕਿਲੋਮੀਟਰ ਦੂਰੀ ਤੇ ਸਥਿੱਤ ਹੈ।ਮੁਡਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਵਾਰਿਸ ਸ਼ਾਹ ਉਚ ਵਿੱਦਿਆ ਹਾਸਲ ਕਰਨ ਲਈ ਕਸੂਰ ਜਾ ਕੇ ਹਾਫ਼ਜ਼ ਗੁਲਾਮ ਮੁਰਤਜ਼ਾ ਦੇ ਅੱਗੇ ਪੇਸ਼ ਹੋਏ ਜੋ ਇਕ ਬੜੇ ਵੱਡੇ ਮਦਰੱਸੇ @ਚ ਬੱਚਿਆਂ ਨੂੰ ਪੜ੍ਹਾਉਂਦੇ ਸਨ।

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ
ਤੇ ਸ਼ਗਿਰਦ ਮਖ਼ਦੂਮ ਕਸੂਰ ਦਾ ਹੈ।

ਵਾਰਿਸ ਸ਼ਾਹ ਇੱਥੋਂ ਵਿੱਦਿਆ ਹਾਸਲ ਕਰਕੇ ਉਸਤਾਦ ਕੋਲੋਂ ਆਗਿਆ ਲੈ ਕੇ ਪਾਕਪਟਨ ਬਾਬਾ ਫ਼ਰੀਦ ਜੀ ਦੀ ਮਜ਼ਾਰ ਉੱਤੇ ਪਹੁੰਚ ਗਏ।ਉਥੇ ਬਾਬਾ ਫ਼ਰੀਦ ਜੀ ਦੀ ਗੱਦੀ ਤੇ ਬੈਠੇ ਮੌਜੂਦਾ ਬਜ਼ੁਰਗ ਕੋਲੋਂ ਆਤਮਿਕ ਗਿਆਨ ਦੀ ਪ੍ਰਾਪਤੀ ਹੋਈ।

ਇਥੋਂ ਮਲਕਾ ਹਾਂਸ ਚਲੇ ਗਏ ਜੋ ਸਾਹੀਵਾਲ(ਮਿੰਟਗੁਮਰੀ) ਪਾਕਪਟਨ ਵਾਲੀ ਸੜਕ ਤੇ ਸਥਿਤ ਹੈ।ਇੱਥੇ ਪਹੁੰਚ ਕੇ ਪ੍ਰਬੰਧਕਾਂ ਨੂੰ ਮਿਲੇ।ਉਹਨਾਂ ਨੂੰ ਆਪਣੇ ਬਾਰੇ ਵੀ ਦੱਸਿਆ।ਮਸਜਿਦ ਵਿਚ ਨਮਾਜ਼ ਪੜਾਉਣ ਵਾਲਾ ਕੋਈ ਮੌਲਵੀ ਨਹੀਂ ਸੀ ਸਾਰਿਆਂ ਨੇ ਬਾਬਾ ਵਾਰਿਸ ਸ਼ਾਹ ਨੂੰ ਨਮਾਜ਼ ਪੜਾਉਣ ਲਈ ਬੇਨਤੀ ਕੀਤੀ ਨਮਾਜ਼ ਪੜ੍ਹ ਕੇ ਵਾਰਿਸ ਸ਼ਾਹ ਤੋਂ ਬਹੁਤ ਪ੍ਰਭਾਵਿਤ ਹੋਏ।ਫਿਰ ਵਾਰਿਸ ਸ਼ਾਹ ਨੇ ਉੱਥੇ ਹੀ ਮਲਕਾ ਹਾਂਸ ਦੇ ਮੁਹੱਲਾ ਉੱਚਾ ਟਿੱਬਾ ਦੀ ਮਸਜਿਦ ਵਿਚ ਮੌਲਵੀ ਦੀ ਸੇਵਾ ਸੰਭਾਲ ਲਈ।

ਮਲਕਾ ਹਾਂਸ ਵਿਚ ਇਕ ਰੱਜਿਆ ਪੁਜਿਆ ਬਲੋਚ ਪਰਿਵਾਰ ਰਹਿੰਦਾ ਸੀ।ਪ੍ਰਬੰਧਕਾਂ ਨੇ ਫ਼ੈਸਲਾ ਕੀਤਾ ਵਾਰਿਸ ਸ਼ਾਹ ਮਸਜਿਦ ਦੇ ਕਮਰੇ ਵਿਚ ਰਹੇਗਾ ਇਸ ਦੇ ਖਾਣ ਪੀਣ ਦਾ ਪ੍ਰਬੰਧ ਬਲੋਚ ਪਰਿਵਾਰ ਕਰੇਗਾ।ਇਸ ਪਰਿਵਾਰ ਨੇ ਆਪਣੀ ਧੀ ਭਾਗਭਰੀ ਦੀ ਡਿਊਟੀ ਲਗਾ ਦਿਤੀ ਕੇ ਉਹ ਮਸਜਿਦ ਵਿਚ ਵਾਰਿਸ ਸ਼ਾਹ ਦੀ ਰੋਟੀ ਫੜਾ ਕੇ ਆਇਆ ਕਰੇਗੀ।ਭਾਗਭਰੀ ਸੋਹਣੀ ਸਨੁੱਖੀ ਮੁਟਿਆਰ ਸੀ ਉਸ ਦੇ ਸੁਹੱਪਣ ਦੀ ਚਰਚਾ ਹਰ ਪਾਸੇ ਬਹੁਤ ਜਿਆਦਾ ਹੋ ਰਹੀ ਸੀ।

ਉਹ ਵਾਰਿਸ ਸ਼ਾਹ ਦੀ ਰੋਟੀ ਲਿਆ ਕੇ ਉਸ ਮੂਹਰੇ ਰੱਖ ਕੇ ਉਹਦੇ ਸਾਹਮਣੇ ਬੈਠ ਜਾਂਦੀ ਵਾਰਿਸ ਸ਼ਾਹ ਹੌਲੀ ਹੌਲੀ ਰੋਟੀ ਖਾਈ ਜਾਂਦਾ ਨਾਲੇ ਭਾਗਭਰੀ ਵਲ ਵੇਖੀ ਜਾਂਦਾ ਜਦ ਬਰਤਨ ਵਹਿਲੇ ਹੋ ਜਾਂਦੇ ਭਾਗ ਭਰੀ ਬਰਤਨ ਲੈ ਕੇ ਘਰ ਚਲੀ ਜਾਂਦੀ।ਇਹ ਸਿਲਸਿਲਾ ਕਾਫੀ ਸਮਾਂ ਚਲਦਾ ਰਿਹਾ।ਵਾਰਿਸ ਸ਼ਾਹ ਭਾਗਭਰੀ ਮੂਹਰੇ ਦਿਲ ਹਾਰ ਬੈਠਾ- ਮਾਸ਼ੂਕ ਦਿਆ ਬਾਂਕਿਆ ਸ਼ੋਖ ਨੈਣਾ ਵਾਰਿਸ ਸ਼ਾਹ ਜਿਹੇ ਮਜ਼ਬੂਰ ਕੀਤੇ। ਵਾਰਿਸ ਸ਼ਾਹ ਨੂੰ ਜੇਕਰ ਰੋਟੀ ਦੀ ਭੁੱਖ ਨਾ ਹੁੰਦੀ ਤਾਂ ਵੀ ਭਾਗਭਰੀ ਨੂੰ ਉਡੀਕਦਾ ਰਹਿੰਦਾ ਵਾਰਿਸ ਸ਼ਾਹ ਨੂੰ ਰੋਟੀ ਨਾਲੋਂ ਭਾਗਭਰੀ ਦੇ ਦੀਦਾਰ ਦੀ ਭੁੱਖ ਜਿਆਦਾ ਸੀ-

ਵਾਰਿਸ ਸ਼ਾਹ ਨੂੰ ਸਿਕ ਦੀਦਾਰ ਦੀ ਏ
ਜਿਹੀ ਹੀਰ ਨੂੰ ਭਟਕਣਾ ਯਾਰ ਦੀ ਸੀ।

\- - - - - - - -

ਵਾਰਿਸ ਸ਼ਾਹ ਨੂੰ ਮਾਰ ਨਾ ਭਾਗ ਭਰੀਏ
ਅਣੀ ਮੁਣਸ ਪਿਆਰੀਏ ਵਾਸਤਾ ਈ।

\- - - - - - - -

ਵਾਰਿਸ ਸ਼ਾਹ ਉਸ ਵਕਤ ਨੂੰ ਝੂਰਦਾ ਈ
ਜਿਸ ਵੇਲੜੇ ਅੱਖੀਆਂ ਲਾਇ ਬੈਠਾ।

\- - - - - -

ਵਾਰਿਸ ਸ਼ਾਹ ਤੇ ਭਾਗਭਰੀ ਦੇ ਚਰਚੇ ਹੌਲੀ ਹੌਲੀ ਪਿੰਡ ਵਿਚ ਹੋਣ ਲੱਗ ਪਏ।ਵਾਰਿਸ ਸ਼ਾਹ ਦੀ ਬਦਨਾਮੀ ਪਿੰਡ ਦੇ ਵਸਨੀਕਾਂ ਦੇ ਗੁੱਸੇ ਵਿਚ ਬਦਲ ਗਈ ਉਹਨਾਂ ਵਾਰਿਸ ਸ਼ਾਹ ਨੂੰ ਮਸਜਿਦ ਵਿਚੋ ਕੱਢ ਦਿੱਤਾ

ਮਸਜਿਦ ਵਿਚੋਂ ਕੱਢਿਆ ਵਾਰਿਸ ਸ਼ਾਹ ਉਦਾਸ ਮਨ ਨਾਲ ਉਥੋਂ ਤੁਰ ਪਿਆ।ਪਿੰਡ ਦੇ ਸਾਰੇ ਲੋਕ ਕਿਸੇ ਦੇ ਵੈਰੀ ਨਹੀਂ ਬਣਦੇ ਕੁਝ ਹਮਦਰਦ ਵੀ ਹੁੰਦੇ ਹਨ ਪਿੰਡ ਤੋਂ ਬਾਹਰ ਇਕ ਪਰਿਵਾਰ ਦੀ ਰਹਾਇਸ਼ ਸੀ ਉਹ ਬਾਹਰ ਖੇਤ ਵਿਚ ਕੰਮ ਕਰ ਰਹੇ ਸਨ ਉਹਨਾਂ ਵਾਰਿਸ ਸ਼ਾਹ ਨੂੰ ਆਉਂਦਾ ਵੇਖ ਕੇ ਹਾਕ ਮਾਰ ਲਈ ਵਾਰਿਸ ਸ਼ਾਹ ਨੇ ਦੱਸਿਆ ਕੇ ਮੈਨੂੰ ਪਿੰਡ ਵਾਲਿਆਂ ਮਸਜਿਦ ਵਿਚੋਂ ਬਾਹਰ ਕੱਢ ਦਿੱਤਾ ਹੈ ਉਹਨਾਂ ਵਾਰਿਸ ਸ਼ਾਹ ਨੂੰ ਜਾਣ ਨਾ ਦਿੱਤਾ ਉਸ ਨੂੰ ਕੁਝ ਦਿਨ ਆਪਣੇ ਕੋਲ ਰਹਿਣ ਲਈ ਕਿਹਾ।

ਕੁਝ ਦਿਨਾਂ ਬਾਅਦ ਪਿੰਡ ਦੇ ਮੋਹਤਬਰ ਬੰਦਿਆਂ ਨੇ ਵਿਚ ਪੈ ਕੇ ਵਾਰਿਸ ਸ਼ਾਹ ਨੂੰ ਬੇਦੋਸ਼ ਕਹਿੰਦਿਆਂ ਦੋਸ਼ ਲਾਉਣ ਵਾਲਿਆਂ ਦੀ ਝਾੜ ਝੰਬ ਕਰ ਕੇ ਵਾਰਿਸ ਸ਼ਾਹ ਨੂੰ ਮਸਜਿਦ ਵਿਚ ਫਿਰ ਮੌਲਵੀ ਰੱਖਾ ਦਿੱਤਾ।ਉਸ ਤਰਾਂ ਹੀ ਫਿਰ ਭਾਗਭਰੀ ਰੋਟੀ ਲੈ ਕੇ ਆਉਣ ਲੱਗ ਪਈ।ਪਰ ਜੋ ਰੱਬ ਨੂੰ ਮੰਨਜ਼ੂਰ ਸੀ ਭਾਗਭਰੀ ਕੁਝ ਦਿਨ ਤੇਜ਼ ਬੁਖਾਰ ਚੜਨ ਨਾਲ ਰੱਬ ਨੂੰ ਪਿਆਰੀ ਹੋ ਗਈ।

ਵਾਰਿਸ ਸ਼ਾਹ ਦਾ ਮਨ ਡਾਵਾਂ ਡੋਲ ਹੋ ਗਿਆ ਉਹ ਮਸੀਤ ਦਾ ਮੌਲਵੀ ਸੀ ਲੋਕਾਂ ਕੋਲ ਕੀ ਦੁੱਖ ਰੋਂਦਾ ਕੀ ਦੱਸਦਾ ਕੇ ਮੇਰੀ ਤਾਂ ਦੁਨੀਆਂ ਹੀ ਲੁੱਟੀ ਗਈ !

ਵਾਰਿਸ ਸ਼ਾਹ ਮੀਆਂ ਜਿੰਨਾਂ ਲਾਈਆਂ ਨੀ
ਸੇਈ ਜਾਣਦੇ ਦਾਰੀਆਂ ਯਾਰੀਆਂ ਨੂੰ।

ਫਿਰ ਮਲਕਾ ਹਾਂਸ ਦੇ ਮਹੱਲੇ ਉੱਚਾ ਟਿਬਾ ਦੀ ਮਸੀਤ ਦੇ ਕਮਰੇ ਵਿਚ ਬੈਠ ਕੇ ਤਿੰਨ ਸਾਲ ਅੰਦਰੋਂ ਉਠਦੀ ਹੂਕ ਕਾਗਜਾਂ ਤੇ ਉਕਰ ਕੇ ਭਾਗਭਰੀ ਦੇ ਦੁੱਖ ਨੂੰ ਵਾਰਿਸ ਸ਼ਾਹ ਨੇ ਹੀਰ ਦੇ ਦੁੱਖ ਰਾਹੀ @ਹੀਰ ਵਾਰਿਸ ਸ਼ਾਹ @ ਵਿਚ ਲਿਖਿਆ।

ਸੰਨ 1766 ਵਿਚ @ਹੀਰ ਵਾਰਿਸ ਸ਼ਾਹ @ ਦਾ ਖਰੜਾ ਪੂਰਾ ਹੋਣ ਤੇ ਇਸ ਨੂੰ ਝੋਲੇ ਵਿਚ ਪਾ ਕੇ ਮਲਕਾ ਹਾਂਸ ਦੀ ਮਸੀਤ ਨੂੰ ਸਦਾ ਲਈ ਛੱਡ ਜਾਣ ਵਾਸਤੇ ਤਿਆਰੀ ਕਰ ਲਈ।ਪਿੰਡ ਵਾਸੀਆਂ ਤੋਂ ਜਾਣ ਦੀ ਆਗਿਆ ਮੰਗੀ। ਪਿੰਡ ਵਾਸੀਆਂ ਵਾਰਿਸ ਸ਼ਾਹ ਨੂੰ ਜਾਣ ਤੋਂ ਬਹੁਤ ਰੋਕਿਆ ਪਰ ਵਾਰਿਸ ਸ਼ਾਹ ਰੁਕਿਆ ਨਹੀਂ ਆਖ਼ਰੀ ਫਤਿਹ ਬੁਲਾ ਕੇ ਕਸੂਰ ਦੇ ਰਾਹ ਪੈ ਗਿਆ।

ਹੱਥ ਪਕੜ ਕੇ ਜੁੱਤੀਆਂ ਮਾਰ ਬੁੱਕਲ
ਰਾਂਝਾ ਹੋਇ ਟੁਰਿਆ ਵਾਰਿਸ ਸ਼ਾਹ ਜੇਹਾ।
ਵਾਰਿਸ ਸ਼ਾਹ ਇਸ਼ਕ ਦੇ ਵਣਜ ਵਿਚੋਂ
ਕਿਸੇ ਪੱਲੇ ਨਾ ਬੱਧੀ ਦੱਮੜੀ ਏ।

ਵਾਰਿਸ ਸ਼ਾਹ ਨੇ ਕਸੂਰ ਪਹੁੰਚ ਕੇ ਆਪਣੇ ਉਸਤਾਦ ਦਾ ਦਰਵਾਜਾ ਜਾ ਖੜਕਾਇਆ।ਮਦਰੱਸੇ ਅੰਦਰ ਵਾਰਿਸ ਸ਼ਾਹ ਦਾ ਉਸਤਾਦ ਹਾਫਜ਼ ਗੁਲਾਮ ਮੁਰਤਜ਼ਾ ਅਤੇ ਉਸਦੇ ਸ਼ਗਿਰਦ ਅਰਾਮ ਕਰ ਰਹੇ ਸਨ।ਉਸਤਾਦ ਨੇ ਸ਼ਗਿਰਦ ਨੂੰ ਕਿਹਾ ਬਾਹਰ ਵੇਖੋ ਕੌਣ ਹੈ ? ਸ਼ਗਿਰਦ ਨੇ ਕਿਹਾ ਬਾਹਰ ਵਾਰਿਸ ਸ਼ਾਹ ਖੜਾ ਹੈ ਤਾਂ ਮੁਰਸ਼ਦ ਕ੍ਰੋਧ ਵਿਚ ਆ ਕੇ ਕਹਿੰਦਾ ਜਾ ਉਸਨੂੰ ਕਹਿ ਦੇ ਇੱਥੋਂ ਦਫਾ ਹੋ ਜਾ ! ਮੈਨੂੰ ਅਜਿਹੇ ਸ਼ਗਿਰਦ ਦੀ ਲੋੜ ਨਹੀਂ ਪਹਿਲਾਂ ਬੁੱਲ੍ਹੇ ਨੂੰ ਇਲਮ ਦਿੱਤਾ ਉਹ

ਪੈਰੀ ਘੰਗਰੂ ਬੰਨ ਨੱਚਣ ਲੱਗ ਪਿਆ ਫਿਰ ਇਸ ਨੂੰ ਇਲਮ ਦਿੱਤਾ ਇਹ ਹੀਰ ਲਿਖਣ ਬੈਠ ਗਿਆ।ਸ਼ਗਿਰਦ ਨੇ ਜਾ ਕੇ ਥੋੜਾ ਜਿਹਾ ਦਰਵਾਜਾ ਖੋਲ ਕੇ ਵਾਰਿਸ਼ ਸ਼ਾਹ ਨੂੰ ਕਹਿ ਦਿੱਤਾ ਉਸਤਾਦ ਜੀ ਗੁੱਸੇ ਵਿਚ ਹਨ ਉਹ ਕਹਿੰਦੇ ਵਾਰਿਸ ਸ਼ਾਹ ਨੂੰ ਕਹਿ ਉਹ ਚੱਲਿਆ ਜਾਵੇ ਉਸ ਨੂੰ ਕੁੰਡਾ ਨਹੀਂ ਖੋਲਣਾ ਇਹ ਕਹਿ ਕੇ ਸ਼ਗਿਰਦ ਵਾਪਿਸ ਆ ਗਿਆ।

ਦੋ ਤਿੰਨ ਘੰਟੇ ਬੀਤ ਚੁੱਕਣ ਤੋਂ ਬਾਅਦ ਉਸਤਾਦ ਜੀ ਦਾ ਗੁੱਸਾ ਠੰਡਾ ਹੋਇਆ ਤਾਂ ਆਪਣੇ ਸ਼ਗਿਰਦਾਂ ਨੂੰ ਕਹਿਣ ਲੱਗਾ ਜਾਉ ਲੱਭ ਕੇ ਲੈ ਆਉ ਜੇ ਕਿਤੇ ਵਾਰਿਸ ਸ਼ਾਹ ਲੱਭਦਾ ਹੈ।ਜਦ ਸ਼ਗਿਰਦ ਨੇ ਦਰਵਾਜਾ ਖੋਲਿਆ ਤਾਂ ਵਾਰਿਸ ਸ਼ਾਹ ਦਰਵਾਜ਼ੇ ਮੂਹਰੇ ਖੜਾ ਸੀ ਜੇਠ ਦਾ ਮਹੀਨਾ, ਤਿਕੜ ਦੁਪਿਹਰ, ਗਰਮੀ ਨਾਲ ਹਾਲੋ ਬੇ ਹਾਲ ਹੋਇਆ ਉਸਤਾਦ ਨੂੰ ਮਿਲਣ ਦੀ ਤ੍ਰਿਸ਼ਨਾਂ ਵਿਚ ਪਸੀਨੇ ਨਾਲ ਭਿਜਿਆ ਖੜਾ ਸੀ।ਮੁਰਸ਼ਦ ਵੇਖ ਕੇ ਪਿੱਛੇ ਮੁੜ ਗਿਆ ਉਸਨੇ ਉਸਤਾਦ ਜੀ ਨੂੰ ਕਿਹਾ ਕਿ ਵਾਰਿਸ ਸ਼ਾਹ ਗਿਆ ਨਹੀਂ ਦਰਵਾਜ਼ੇ ਮੂਹਰੇ ਹੀ ਖੜਾ ਹੈ ਗਰਮੀ ਨਾਲ ਭਿਜਿਆ ਪਿਆ ਪਾਣੀ ਦਾ ਪਿਆਸਾ ਬੇਜ਼ਾਨ ਹੋਇਆ ਖੜਾ ਹੈ।

ਉਸਤਾਦ ਸੁਣ ਕੇ ਹੋਰ ਮੋਮ ਵਾਂਗ ਢਲ ਗਿਆ ਤੇ ਕਿਹਾ ਵਾਰਿਸ ਸ਼ਾਹ ਨੂੰ ਬਾਹੋਂ ਫੜ ਕੇ ਅੰਦਰ ਲੈ ਆਵੋ।ਵਾਰਿਸ ਸ਼ਾਹ ਨੇ ਅੰਦਰ ਆ ਕੇ ਆਪਣੀ ਲਿਖੀ ਹੀਰ ਉਸਤਾਦ ਜੀ ਦੇ ਪੈਰਾਂ ਵਿਚ ਰੱਖ ਦਿੱਤੀ ਅਤੇ ਆਪ ਵੀ ਉਸ ਦੇ ਪੈਰਾਂ ਤੇ ਸਿਰ ਰੱਖ ਕੇ ਬਹੁਤ ਰੋਇਆ ਬਹੁਤ ਚਿਰ ਰੋਂਦਾ ਰਿਹਾ ਉਸਤਾਦ ਵੀ ਸਹਾਰ ਨਾ ਸਕਿਆ ਉਸ ਦੀਆਂ ਅੱਖਾਂ ਵੀ ਨਮ ਹੋ ਗਈਆਂ।ਵਾਰਿਸ ਸ਼ਾਹ ਨੇ ਉਸਤਾਦ ਜੀ ਨੂੰ ਕਿਹਾ ਇਕ ਵਾਰੀ ਇਸ ਖਰੜੇ ਨੂੰ ਪੜ ਲਵੋ ਤੁਹਾਡੇ ਸ਼ਗਿਰਦ ਨਾਲ ਕੀ ਕੀ ਬੀਤੀ ? ਉਸਤਾਦ ਨੂੰ ਤਰਸ ਆਇਆ ਵਾਰਿਸ ਸ਼ਾਹ ਨੂੰ ਕਹਿੰਦਾ ਤੂੰ ਨਹਾ ਕੇ ਆਪਣੇ ਕਮਰੇ ਵਿਚ ਅਰਾਮ ਕਰ ਮੈਂ ਇਸ ਨੂੰ ਰਾਤ ਨੂੰ ਪੜਾਂਗਾ।

ਵਾਰਿਸ ਸ਼ਾਹ ਆਪਣੇ ਕਮਰੇ ਵਿਚ ਅਰਾਮ ਕਰਨ ਲੱਗ ਪਿਆ ਤੇ ਰਾਤ ਨੂੰ ਹਾਫਜ਼ ਗੁਲਾਮ ਮੁਰਤਜ਼ਾ ਨੇ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਖਰੜਾ ਪੜ੍ਹਨਾ ਸ਼ੁਰੂ ਕਰ ਦਿੱਤਾ।ਉਸਤਾਦ ਦੇ ਪੜਦੇ ਪੜਦੇ ਦੇ ਹੋਠ ਚੁਪ ਹੋ ਗਏ ਅੱਖਾਂ ਰੋਂਦੀਆਂ ਰਹੀਆਂ ਰਾਤ ਦਾ ਪਿਛਲਾ ਪਹਿਰ ਆ ਗਿਆ ਦਿਲ ਬੇ-ਕਾਬੂ ਹੋ ਗਿਆ ਇਕਦਮ ਤੜਫ ਕੇ ਉੱਠੇ ਸਿੱਧੇ ਵਾਰਿਸ ਸ਼ਾਹ ਦੇ ਕਮਰੇ ਅੰਦਝ ਚਲੇ ਗਏ।

ਵਾਰਿਸ ਸ਼ਾਹ ਨੂੰ ਉਠਾਇਆ ਤੇ ਗੱਲ ਨਾਲ ਲੱਗ ਕੇ ਰੱਜ ਕੇ ਰੋਏ ਅਤੇ ਕਿਹਾ, ÷ਉਏ ਵਾਰਿਸਾ ! ਮੈਨੂੰ ਮੁਆਫ਼ ਕਰ ਦੇਵੀ ਮੈਂ ਗਲਤ ਸਮਝਿਆ ਸੀ ਆਹ ਤੂੰ ਕੀ ਲਿਖ ਦਿੱਤਾ ਜਦ ਤੱਕ ਪੰਜਾਬ ਦੀ ਧਰਤੀ ਤੇ ਪੰਜਾਬੀ ਵਸਦੇ ਰਹਿਣਗੇ ਤੇਰੀ ਲਿਖੀ ਹੀਰ ਨੂੰ ਕਦੇ ਨਹੀਂ ਵਸਾਰਨਗੇ।÷

ਵਾਰਿਸ ਸ਼ਾਹ ਕੁਝ ਦਿਨ ਆਪਣੇ ਉਸਤਾਦ ਕੋਲ ਰਹਿ ਕੇ ਫਿਰ ਇਜ਼ਾਜਤ ਲੈ ਆਪਣੇ ਪਿੰਡ ਜੰਡਿਆਲਾ ਸ਼ੇਰ ਖਾਂ ਚਲਿਆ ਗਿਆ।ਵਾਰਿਸ ਸ਼ਾਹ ਨੇ ਆਪਣੀ ਜਿੰਦਗੀ ਦਾ ਆਖ਼ਰੀ ਸਮਾ ਪਿੰਡ ਦੀਆਂ ਸੱਥਾਂ ਵਿਚ ਹੀ ਗੁਜ਼ਾਰਿਆ ਉਹ ਬੋਹੜ ਅੱਜ ਵੀ ਉਸ ਤਰਾਂ ਹੀ ਹੈ ਜਿਸ ਦੀ ਛਾਵੇ ਬਹਿ ਕੇ ਲੋਕਾਂ ਨੂੰ ਹੀਰ ਵਾਰਿਸ ਸ਼ਾਹ ਸਣਾਉਂਦਾ।ਅਖ਼ੀਰ 1798 ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਵਾਰਿਸ ਸ਼ਾਹ ਦੀ ਯਾਦ ਵਿਚ ਬਹੁਤ ਖੂਬਸੂਰਤ ਮਜ਼ਾਰ ਬਣੀ ਹੋਈ ਹੈ।ਜਿਸ ਤੇ ਹਰ ਸਾਲ 23,24,25 ਜੁਲਾਈ ਨੂੰ ਮੇਲਾ ਭਰਦਾ ਹੈ।ਲੋਕ ਮੱਥਾ ਟੇਕਦੇ ਹਨ।ਇਸ ਮੇਲੇ ਵਿਚ ਹੀਰ ਵਾਰਿਸ ਸ਼ਾਹ ਪੜਨ ਦਾ ਮੁਕਾਬਲਾ ਹੁੰਦਾ ਹੈ।

# ਕੀ ਔਰਤਾਂ ਦੀ ਫਰੀ ਬਸ ਸੇਵਾ ਦੀ ਸਹੂਲਤ ਖਜ਼ਾਨੇ ਤੇ ਬੋਝ ਹੈ ?



ਪੰਜਾਬ ਵਿੱਚ ਔਰਤਾਂ ਲਈ ਸਰਕਾਰੀ ਬੱਸ ਸਫਰ ਮੁਫਤ ਹੋਏ ਨੂੰ ਤਿੰਨ ਸਾਲ ਹੋ ਚੁੱਕੇ ਹਨ। ਜਦੋਂ ਤੋਂ ਇਹ ਫੈਸਲਾ ਲਾਗੂ ਹੋਇਆ ਉਦੋਂ ਤੋਂ ਹੀ ਇਸ ਸਬੰਧੀ ਦੋ ਰਾਵਾਂ ਸਾਹਮਣੇ ਆਉਣ ਲੱਗੀਆਂ ਸਨ। ਕੁਝ ਇਸ ਦੇ ਹੱਕ ਵਿੱਚ ਹਨ ਤੇ ਕੁਝ ਇਸ ਦਾ ਵਿਰੋਧ ਕਰ ਰਹੇ ਹਨ।

ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਕੀ ਗਲਤ ਹੈ ? ?ਇਸ ਮਾਮਲੇ ਵਿੱਚ ਪੰਜਾਬ ਕੋਈ ਵਾਹਿਦ ਸੂਬਾ ਨਹੀਂ। ਇਸ ਸਮੇਂ ਅਜਿਹੀ ਹੀ ਸੇਵਾ ਦਿੱਲੀ, ਤਾਮਿਲਨਾਡੂ ਤੇ ਕਰਨਾਟਕਾ ਵਿੱਚ ਵੀ ਲਾਗੂ ਹੈ ਤੇ ਇਸ ਤੋਂ ਬਿਨਾਂ ਪੱਛਮੀ ਬੰਗਾਲ ਤੇ ਬੰਬੇ ਦੀ ਮਸ਼ਹੂਰ 'ਬੈਸਟ' ਸਰਕਾਰੀ ਬੱਸ ਸੇਵਾ ਦਾ ਸਸਤੀਆਂ ਦਰਾਂ 'ਤੇ ਸੇਵਾ ਦੇਣ ਦਾ ਲੰਬਾ ਇਤਿਹਾਸ ਹੈ। ਅਸਲ ਵਿੱਚ ਆਵਾਜਾਈ ਦੇ ਸਾਧਨ ਸਸਤੇ ਜਾਂ ਮੁਫਤ ਕਰਨ ਦੀ ਮੰਗ ਦੁਨੀਆਂ ਭਰ ਦੀਆਂ ਲੋਕ ਲਹਿਰਾਂ ਦੀ ਅਹਿਮ ਮੰਗ ਰਹੀ ਹੈ। ਬਰਾਜ਼ੀਲ ਵਿੱਚ ਲੋਕ ਸੰਘਰਸ਼ਾਂ ਦਾ ਸਿੱਟਾ ਹੀ ਹੈ ਕਿ 2013 ਵਿੱਚ ਜਿੱਥੇ ਸਿਰਫ 13 ਛੋਟੇ-ਛੋਟੇ ਸ਼ਹਿਰਾਂ ਵਿੱਚ ਮੁਫਤ ਬੱਸ ਸਫਰ ਲਾਗੂ ਸੀ, ਉਹ ਗਿਣਤੀ ਅਕਤੂਬਰ 2023 ਤੱਕ ਵਧਕੇ 84 ਸ਼ਹਿਰਾਂ ਤੱਕ ਹੋ ਗਈ ਸੀ। ਇਸੇ ਤਰ੍ਹਾਂ 1970'ਵਿਆਂ ਵਿੱਚ ਇਟਲੀ ਦੇ ਵੱਡੇ ਸ਼ਹਿਰ ਬੋਲੋਗਨਾ ਵਿੱਚ ਲੋਕ ਲਹਿਰ ਨੇ ਸਰਕਾਰ ਨੂੰ ਨਾ ਸਿਰਫ ਮੁਫਤ ਬੱਸ ਸਫਰ ਲਾਗੂ ਕਰਨ ਲਈ ਮਜਬੂਰ ਕੀਤਾ ਸਗੋਂ ਸ਼ਹਿਰ ਵਿੱਚੋਂ ਵਾਧੂ ਗੱਡੀਆਂ ਬਾਹਰ ਕਰਕੇ ਆਮ ਲੋਕਾਂ ਲਈ ਵਧੇਰੇ ਜਨਤਕ ਥਾਵਾਂ ਖਾਲੀ ਕਰਾਈਆਂ। ਸਵੀਡਨ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲੋਕਾਂ, ਖਾਸਕਰ ਨੌਜਵਾਨਾਂ, ਵੱਲੋਂ ਸਰਕਾਰ ਨੂੰ ਕਈ ਥਾਵਾਂ 'ਤੇ ਮੁਫਤ ਬੱਸ ਸਫਰ ਲਾਗੂ ਕਰਨ ਜਾਂ ਰਿਆਇਤੀ ਦਰਾਂ 'ਤੇ ਸਹੂਲਤ ਦੇਣ ਲਈ ਮਜਬੂਰ ਕੀਤਾ ਹੈ। ਪੰਜਾਬ ਅੰਦਰ 1981 ਦੇ ਬੱਸ ਕਿਰਾਇਆ ਬੱਸ ਪਾਸ ਦੇ ਹੱਕ ਲਈ ਉਸ ਦੌਰ ਵਿੱਚ ਚੱਲੇ ਸੰਘਰਸ਼ ਨੂੰ ਕੌਣ ਭੁਲਾ ਸਕਦਾ ਹੈ ਜਿਸ ਬਦੌਲਤ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਲੱਖਾਂ ਹੀ ਨੌਜਵਾਨਾਂ ਲਈ ਕਾਲਜ ਪੜ੍ਹਨਾ ਸੰਭਵ ਹੋਇਆ ਸੀ।ਪੰਜਾਬ ਵਿੱਚ ਔਰਤਾਂ ਲਈ ਲਾਗੂ ਮੁਫਤ ਬੱਸ ਸਫਰ ਦੀ ਸਹੂਲਤ ਕੋਈ ਵਿਕੋਲਿਤਰੀ ਗੱਲ ਨਹੀਂ ਤੇ ਨਾ ਹੀ ਇਹਦੇ ਵਿੱਚ ਕੋਈ ਸਰਕਾਰੀ ਖ਼ੈਰਾਤ ਵਾਲੀ ਗੱਲ ਹੈ।ਲੋਕਾਂ ਨੇ ਸੰਘਰਸ਼ਾਂ ਰਾਹੀਂ ਆਵਾਜਾਈ ਸਹੂਲਤਾਂ ਹਾਸਲ ਕੀਤੀਆਂ ਸਨ।

ਔਰਤਾਂ ਲਈ ਮੁਫਤ ਬੱਸ ਸਫਰ ਦੇ ਵਿਰੋਧ ਵਿੱਚ ਮੁੱਖ ਤਰਕ ਇਹ ਹੈ ਕਿ ਇਸ ਸੇਵਾ ਨਾਲ ਸਰਕਾਰੀ ਖਜਾਨੇ 'ਤੇ ਬਹੁਤ ਬੋਝ ਪੈਂਦਾ ਹੈ ਜਿਸ ਕਾਰਨ ਸਰਕਾਰੀ ਅਦਾਰੇ ਵਿੱਤੀ ਘਾਟੇ ਦਾ ਸ਼ਿਕਾਰ ਹੁੰਦੇ ਹਨ। ਇਸ ਦਲੀਲ ਦੇ ਹੱਕ ਵਿੱਚ ਪੀਆਰਟੀਸੀ ਉੱਪਰ ਬਕਾਇਆ 250 ਕਰੋੜ ਰੁਪਿਆਂ ਦਾ ਮਾਮਲਾ ਪੇਸ਼ ਕੀਤਾ ਜਾਂਦਾ ਹੈ। ਇਸ ਨੁਕਤੇ ਬਾਰੇ ਵਿਸਥਾਰ ਵਿੱਚ ਗੱਲ ਕਰਨ ਦੀ ਲੋੜ ਹੈ।

ਪੀਆਰਟੀਸੀ ਜਾਂ ਪੰਜਾਬ ਰੋਡਵੇਜ ਦੀ ਹਾਲਤ ਔਰਤਾਂ ਲਈ ਮੁਫਤ ਬੱਸ ਸਫਰ ਦੀ ਸਹੂਲਤ ਤੋਂ ਕਿਤੇਂ ਪਹਿਲਾਂ ਦੀ ਖਸਤਾ ਹਾਲ ਹੈ। ਇਹ ਅਗਲੀਆਂ-ਪਿਛਲੀਆਂ ਸਭ ਸਰਕਾਰਾਂ ਦੀ ਨਿੱਜੀ ਅਦਾਰਿਆਂ ਨੂੰ ਫਾਇਦਾ ਪਹੁੰਚਾਉਣ ਦੀਆਂ ਨੀਤੀਆਂ ਦਾ ਨਤੀਜਾ ਹੈ। ਵੱਧ ਤੋਂ ਵੱਧ ਰੂਟ ਨਿੱਜੀ ਕੰਪਨੀਆਂ ਨੂੰ ਦੇ ਕੇ, ਇਹਨਾਂ ਅਦਾਰਿਆਂ ਵਿੱਚ ਠੇਕਾ ਭਰਤੀ ਲਾਗੂ ਕਰਕੇ, ਕਿਲੋਮੀਟਰ ਸਕੀਮ ਜਿਹੇ ਫੈਸਲਿਆਂ ਰਾਹੀਂ ਨਿੱਜੀਕਰਨ ਨੂੰ ਹੱਲਾਸ਼ੇਰੀ ਦੇ ਕੇ ਪੰਜਾਬ ਵਿੱਚ ਲੰਬੇ ਸਮੇਂ ਤੋਂ ਸਰਕਾਰੀ ਬੱਸ ਸੇਵਾ ਦਾ ਜਿਸ ਤਰ੍ਹਾਂ ਭੱਠਾ ਬਿਠਾਇਆ ਗਿਆ ਅੱਜ ਪੰਜਾਬ ਵਿੱਚ ਪੀਆਰਟੀਸੀ, ਪਨਬਸ ਤੇ ਪੰਜਾਬ ਰੋਡਵੇਜ ਕੋਲ ਤਾਂ ਮਿਲਾਕੇ ਸਿਰਫ 3,000 ਬੱਸਾਂ ਦਾ ਕਾਫਲਾ ਹੈ ਜਦਕਿ ਨਿੱਜੀ ਆਵਾਜਾਈ ਦੀਆਂ 13,000 ਤੋਂ ਵੱਧ ਬੱਸਾਂ ਹਰ ਛੋਟੇ-ਵੱਡੇ ਰੂਟ 'ਤੇ ਚੱਲਦੀਆਂ ਹਨ।

ਆਮ ਲੋਕਾਂ ਲਈ ਕਿਸੇ ਸਬਸਿਡੀ ਦੀ ਗੱਲ ਤੁਰਦੀ ਹੈ ਤਾਂ ਫੰਡਾਂ ਦਾ ਰੋਣਾ ਰੋਂਦਿਆਂ ਸਰਕਾਰੀ ਖਜਾਨੇ 'ਤੇ ਪੈਣ ਵਾਲੇ ਬੋਝ ਦੀ ਦੁਹਾਈ ਦਿੱਤੀ ਜਾਂਦੀ ਹੈ। ਤਰਕ ਉਦੋਂ ਉੱਡਣ ਛੂ ਹੋ ਜਾਂਦਾ ਹੈ ਜਦੋਂ ਇਸੇ ਸਰਕਾਰੀ ਖਜਾਨੇ ਵਿੱਚੋਂ ਮੁੱਠੀ ਭਰ ਅਮੀਰਾਂ ਨੂੰ ਸਬਸਿਡੀਆਂ, ਟੈਕਸ ਛੋਟਾਂ, ਕਰਜਾ ਮਾਫੀਆਂ ਆਦਿ ਦਿੱਤੀਆਂ ਜਾਂਦੀਆਂ ਹਨ। ਪੰਜਾਬ ਅੰਦਰ ਵੀ ਜੇਕਰ ਅਸੀਂ ਮੁੱਠੀ ਭਰ ਅਮੀਰਾਂ ਨੂੰ ਮਿਲਣ ਵਾਲੀਆਂ ਰਿਆਇਤਾਂ ਦੇ ਬਰਾਬਰ ਮੁਫਤ ਬੱਸ ਸਫਰ ਦੀ ਸਹੂਲਤ ਨੂੰ ਰੱਖਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਧਨਾਢਾਂ ਨੂੰ ਮਿਲਦੀਆਂ ਸਹੂਲਤਾਂ ਅੱਗੇ ਇਹ ਤਾਂ ਕੁਝ ਵੀ ਨਹੀਂ। ਪੰਜਾਬ ਵਿੱਚ ਮਿਲ ਰਹੀ ਬਿਜਲੀ ਸਬਸਿਡੀ ਦਾ ਸਭ ਤੋਂ ਵੱਧ ਫਾਇਦਾ ਉਹ ਲੋਕ ਲੈ ਰਹੇ ਹਨ ਜਿਹਨਾਂ ਦੀ ਪਹਿਲੋਂ ਹੀ ਆਮਦਨ ਕਰੋੜਾਂ ਰੁਪਿਆ ਸਲਾਨਾ ਹੈ। ਰਿਪੋਰਟ ਮੁਤਾਬਕ ਪੰਜਾਬ ਦੇ ਸਿਖਰਲੇ 100 ਸੱਨਅਤਕਾਰ ਹੀ ਸਲਾਨਾ 500 ਕਰੋੜ ਦੀ ਬਿਜਲੀ ਸਬਸਿਡੀ ਲੈ ਜਾਂਦੇ ਹਨ ਤੇ ਜੇ ਅਗਲੇ 9,000 ਸੱਨਅਤਕਾਰਾਂ ਨੂੰ ਇਸ ਵਿੱਚ ਸ਼ਾਮਲ ਕਰ ਲਈਏ ਤਾਂ ਇਹ ਸਬਸਿਡੀ 1261 ਕਰੋੜ ਰੁਪਏ ਬਣ ਜਾਂਦੀ ਹੈ ਜਾਣੀ ਪੀਆਰਟੀਸੀ ਵੱਲ ਬਕਾਏ 250 ਕਰੋੜ ਰੁਪਏ ਨਾਲੋਂ ਪੰਜ ਗੁਣਾਂ ਜਿਆਦਾ! ਇਸ ਤੋਂ ਬਿਨਾਂ ਜੇ ਖੇਤੀ ਖੇਤਰ ਆਲੀ ਬਿਜਲੀ ਸਬਸਿਡੀ 'ਤੇ ਵੀ ਨਜਰ ਮਾਰੀਏ ਤਾਂ ਹੋਰ ਵੀ ਵੱਡਾ ਪਾੜ ਨਜਰ ਆਉਂਦਾ ਹੈ। ਪੰਜਾਬ ਸਰਕਾਰ ਵੱਲੋਂ ਖੇਤੀ ਖੇਤਰ ਨੂੰ ਦਿੱਤੀ ਜਾ ਰਹੀ ਬਿਜਲੀ ਸਬਸਿਡੀ ਸਲਾਨਾ 10,175 ਕਰੋੜ ਰੁਪਏ ਬਣਦੀ ਹੈ ਜਿਸ ਵਿੱਚੋਂ ਇਕ-ਤਿਹਾਈ ਹਿੱਸਾ ਜਾਣੀ ਤਕਰੀਬਨ 3300 ਕਰੋੜ ਸਲਾਨਾ ਤੋਂ ਵੱਧ ਸਿਰਫ ਉਹ 1.42 ਲੱਖ ਕਿਸਾਨ ਪਰਿਵਾਰ ਲੈ ਰਹੇ ਹਨ ਜਿਹਨਾਂ ਕੋਲ਼ ਦੋ ਤੋਂ ਵੱਧ ਮੋਟਰਾਂ ਹਨ। ਪੰਜਾਬ ਦੀ ਅਬਾਦੀ ਦੇ ਲਿਹਾਜ ਨਾਲ਼ ਇਹ ਗਿਣਤੀ 3% ਪਰਿਵਾਰ ਵੀ ਨਹੀਂ ਬਣਦੀ ਪਰ ਸਰਕਾਰੀ ਖਜਾਨੇ 'ਤੇ ਇਸਦਾ ਬੋਝ ਆਪਣੀ ਗਿਣਤੀ ਤੋਂ ਕਿਤੇ ਵਧਕੇ ਹੈ। ਜੇਕਰ ਅੱਜ ਪੀਆਰਟੀਸੀ ਵੱਲ ਪੰਜਾਬ ਸਰਕਾਰ ਦੇ ਬਕਾਏ ਖੜ੍ਹੇ ਹਨ ਤਾਂ ਇਸ ਵਿੱਚ ਮੁਫਤ ਬੱਸ ਸਫਰ ਦਾ ਕਸੂਰ ਨਹੀਂ ਸਗੋਂ ਗਲਤ ਨੀਤੀ ਇਸ ਲਈ ਜੁੰਮੇਵਾਰ ਹੈ।

ਦਵਿੰਦਰ ਕੌਰ ਖੁਸ਼ ਧਾਲੀਵਾਲ
ਰਿਸਰਚ ਐਸੋਸੀਏਟ, ਧੂਰਕੋਟ
ਮੋਗਾ,8847227740

ਦੁਨੀਆਂ ਭਰ ਦੇ ਸ਼ਹਿਰੀ ਯੋਜਨਾਕਾਰ, ਵਾਤਾਵਰਣ ਕਾਰਕੁਨ ਤੇ ਹੋਰ ਖੇਤਰਾਂ ਦੇ ਮਾਹਰ ਇਸ ਗੱਲ 'ਤੇ ਇੱਕਮਤ ਹਨ ਕਿ ਸਰਕਾਰੀ ਆਵਾਜਾਈ ਦਾ ਘੇਰਾ ਵਧਾਉਣ ਨਾਲ ਹੋਣ ਵਾਲਾ ਫਾਇਦਾ ਸਰਕਾਰ ਦੇ ਹੋਣ ਵਾਲ਼ੇ ਇਕਵਾਰਗੀ ਖਰਚੇ ਨਾਲ਼ੋਂ ਕਿਤੇ ਵਧਕੇ ਹੋਵੇਗਾ। ਪੰਜਾਬ ਤੇ ਭਾਰਤ ਵਿੱਚ ਜੇ ਦੇਖੀਏ ਤਾਂ ਹਰ ਸਾਲ ਸੜਕ ਹਾਦਸਿਆਂ ਵਿੱਚ ਹੋਣ ਵਾਲ਼ੀਆਂ ਸਲਾਨਾ ਮੌਤਾਂ, ਨਿੱਜੀ ਵਾਹਨਾਂ ਦਾ ਤੇਲ ਖਰਚਾ, ਵਾਤਾਵਰਣ ਪ੍ਰਦੂਸ਼ਣ ਨਾਲ਼ ਹੋਣ ਵਾਲ਼ੇ ਸਿਹਤ ਦੇ ਨੁਕਸਾਨ ਦਾ ਖਰਚਾ ਆਦਿ ਸਭ ਜੋੜ ਲਿਆ ਜਾਵੇ ਤਾਂ ਇਹ ਸਰਕਾਰੀ ਟਰਾਂਸਪੋਰਟ 'ਤੇ ਹੋਣ ਵਾਲ਼ੇ ਖਰਚੇ ਨਾਲ਼ੋਂ ਕਈ-ਕਈ ਗੁਣਾਂ ਵੱਧ ਬੈਠੇਗਾ। ਇਹ ਉਪਰੋਕਤ ਖਰਚੇ ਬਚਾਕੇ ਆਪਣੇ ਸਰੋਤ ਖੁਦ ਹੀ ਇਹਨਾਂ ਬੱਚਤਾਂ ਰਾਹੀਂ ਕੱਢ ਲਵੇਗਾ, ਅਜਿਹੀ ਕਿਸੇ ਵੀ ਲੋਕ ਭਲਾਈ ਸਕੀਮ ਲਈ ਵਿੱਤੀ ਸਾਧਨ ਸੂਬੇ ਦੇ ਅਮੀਰ ਲੋਕਾਂ 'ਤੇ ਬਿਲਕੁਲ ਮਾਮੂਲੀ ਜਿਹਾ ਟੈਕਸ ਲਾ ਕੇ ਵੀ ਜੁਟਾਏ ਜਾ ਸਕਦੇ ਹਨ ਜਿਸ ਤਰ੍ਹਾਂ ਦੁਨੀਆਂ ਦੇ ਕਈ ਸ਼ਹਿਰਾਂ ਵਿੱਚ ਕੀਤਾ ਗਿਆ ਹੈ। ਅਜਿਹਾ ਮਾਮੂਲੀ ਜਿਹਾ ਟੈਕਸ ਵੀ ਮੁਫਤ ਬੱਸ ਸਫਰ ਤਾਂ ਕੀ, ਹੋਰ ਅਨੇਕਾਂ ਹੀ ਲੋਕ ਭਲਾਈ ਸਕੀਮਾਂ ਲਈ ਵਾਧੂ ਸਾਧਨ ਅਸਾਨੀ ਨਾਲ਼ ਜੁਟਾ ਸਕਦਾ ਹੈ। ਸਰਕਾਰ ਦਾ ਇਹ ਮੁੱਢਲਾ ਫਰਜ ਹੈ ਕਿ ਉਹ ਦੌਲਤ ਦੀ ਇਸ ਗੈਰ-ਬਰਾਬਰੀ ਨੂੰ ਦੂਰ ਕਰੇ ਤੇ ਇਸ ਗੰਭੀਰ ਮਸਲੇ ਨੂੰ ਨਜਿੱਠਣ ਦਾ ਭਲਾ ਇਸ ਤੋਂ ਬਿਹਤਰ ਕੀ ਢੰਗ ਹੋ ਸਕਦਾ ਹੈ ?ਅੱਜਕੱਲ੍ਹ ਪੰਜਾਬ ਸਣੇ ਪੂਰੇ ਦੇਸ਼ ਵਿੱਚ ਫਲਾਈਓਵਰ, ਸ਼ਾਹਰਾਹਾਂ ਆਦਿ ਬਣਾਉਣ 'ਤੇ ਬੇਲੋੜਾ ਤੇ ਗੈਰ-ਵਿਗਿਆਨਕ ਜੋਰ ਦਿੱਤਾ ਜਾ ਰਿਹਾ ਹੈ ਤੇ ਕਈ ਵੱਡੇ ਸ਼ਹਿਰਾਂ ਲਈ ਮੈਟਰੋ ਚਲਾਏ ਜਾਣ ਦੀ ਗੱਲ ਵੀ ਹੁੰਦੀ ਹੈ। ਕਿਸੇ ਵੱਡੇ ਸ਼ਹਿਰ ਵਿੱਚ ਬਣਨ ਵਾਲ਼ੇ ਚਾਰ ਮਾਰਗੀ ਫਲਾਈਓਵਰ ਦਾ ਪ੍ਰਤੀ ਕਿਲੋਮੀਟਰ ਔਸਤ ਖਰਚਾ 100 ਕਰੋੜ ਰੁਪਏ ਬੈਠਦਾ ਹੈ। ਚੰਡੀਗੜ੍ਹ ਦੇ ਟਿ ?ਬਿਊਨ ਚੌਕ ਤੋਂ ਬਣਨ ਵਾਲ਼ੇ ਡੇਢ ਕਿਲੋਮੀਟਰ ਲੰਬੇ ਫਲਾਈਓਵਰ ਦਾ ਖਰਚਾ ਲਗਭਗ 200 ਕਰੋੜ ਰੁਪਏ ਆਉਣਾ ਦੱਸਿਆ ਜਾ ਰਿਹਾ ਹੈ। ਲਾਗਲੇ ਜੀਰਕਪੁਰ ਤੋਂ ਅੰਬਾਲੇ ਦੇ ਰਾਹ 'ਤੇ ਬਣਨ ਵਾਲ਼ੇ ਦੋ ਫਲਾਈਓਵਰਾਂ ਦੀ ਲਾਗਤ ਲੱਗਭੱਗ 48 ਕਰੋੜ ਆਉਣੀ ਹੈ। ਜਿੰਨੇ ਸਾਧਨ ਅਜਿਹੇ ਪ੍ਰੋਜੈਕਟਾਂ 'ਤੇ ਲਾਏ ਜਾਣੇ ਹਨ ਉਸ ਤੋਂ ਕਿਤੇ ਘੱਟ ਖਰਚੇ 'ਤੇ ਕਿਸੇ ਵੀ ਸ਼ਹਿਰ ਵਿੱਚ 'ਬੱਸ ਰੈਪਿਡ ਟ੍ਰਾਂਜ਼ਿਟ ਸਿਸਟਮ' ਸੇਵਾ - ਜਾਣੀ ਪੂਰੇ ਸ਼ਹਿਰ ਤੇ ਇਸਦੇ ਆਲ਼ੇ-ਦੁਆਲ਼ੇ ਬੱਸਾਂ ਦੇ ਨੈੱਟਵਰਕ ਦਾ ਜਾਲ ਵਿਛਾਉਣਾ - ਖੜ੍ਹੀ ਕੀਤੀ ਜਾ ਸਕਦੀ ਹੈ। ਕਿਸੇ ਵੱਡੇ ਸ਼ਹਿਰ ਵਿੱਚ ਅਜਿਹੀ ਯੋਜਨਾ ਦਾ ਖਰਚਾ ਮੈਟਰੋ ਪ੍ਰੋਜੈਕਟ ਦੇ ਖਰਚੇ ਦਾ ਦਸਵਾਂ ਹਿੱਸਾ ਹੀ ਬੈਠਦਾ ਹੈ। ਮੈਟਰੋ ਪ੍ਰੋਜੈਕਟ ਦਾ ਪ੍ਰਤੀ ਕਿਲੋਮੀਟਰ ਖਰਚਾ ਹੀ ਔਸਤ 200-500 ਕਰੋੜ ਰੁਪਏ ਤੱਕ ਹੈ ਤੇ ਐਨੇ ਹੀ ਖਰਚੇ ਵਿੱਚ ਬੱਸਾਂ ਦਾ ਚਾਲੀ ਕਿਲੋਮੀਟਰ ਲੰਬਾ ਵਿਆਪਕ ਨੈੱਟਵਰਕ ਖੜ੍ਹਾ ਕੀਤਾ ਜਾ ਸਕਦਾ ਹੈ। ਚੰਡੀਗੜ੍ਹ ਵਿੱਚ ਵੀ ਮੈਟਰੋ ਟ੍ਰੇਨ ਦਾ ਪ੍ਰੋਜੈਕਟ ਪਾਸ ਹੋ ਗਿਆ ਹੈ।

ਅੱਜ ਮਸਲਾ ਸਿਰਫ ਔਰਤਾਂ ਲਈ ਮੁਫਤ ਬੱਸ ਸਫਰ ਦਾ ਨਹੀਂ ਸਗੋਂ ਇਸ ਸਹੂਲਤ ਦਾ ਘੇਰਾ ਵਧਾਉਣ ਤੇ ਸਰਕਾਰੀ ਆਵਾਜਾਈ ਦਾ ਘੇਰਾ ਵਧਾਉਣ ਦਾ ਵੀ ਹੈ। ਬੱਸਾਂ ਦੀ ਔਸਤ ਗਿਣਤੀ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਦੇ ਫਾਡੀ ਮੁਲਕਾਂ ਵਿੱਚ ਆਉਂਦਾ ਹੈ ਤੇ ਇਸ ਵਿੱਚੋਂ ਵੀ ਪੰਜਾਬ ਦੀ ਹਾਲਤ ਹੋਰ ਵੀ ਮਾੜੀ ਹੈ। ਵੱਖ-ਵੱਖ ਅਧਿਐਨਾਂ ਮੁਤਾਬਕ ਕਿਸੇ ਵੀ ਦੇਸ਼/ਸ਼ਹਿਰ ਵਿੱਚ ਪ੍ਰਤੀ ਲੱਖ ਅਬਾਦੀ ਪਿੱਛੇ ਔਸਤ 50-120 ਬੱਸਾਂ ਹੋਣੀਆਂ ਚਾਹੀਦੀਆਂ ਹਨ ਜਦਕਿ ਪੰਜਾਬ ਵਿੱਚ ਇਹ ਗਿਣਤੀ ਸਿਰਫ 6.5 ਬੱਸਾਂ ਦੀ ਹੈ ਜਾਣੀ ਕੌਮਾਂਤਰੀ ਪੈਮਾਨਿਆਂ ਤੋਂ ਘੱਟੋ-ਘੱਟ ਦਸ-ਪੰਦਰਾਂ ਗੁਣਾਂ ਘੱਟ! ਜੇ ਇਸ ਵਿੱਚੋਂ ਵੀ ਵੱਡੇ ਸ਼ਹਿਰਾਂ ਵਿੱਚ ਉਪਲੱਬਧ ਬੱਸ ਸਹੂਲਤ ਦੀ ਗਿਣਤੀ ਪਾਸੇ ਕਰ ਦਿੱਤੀ ਜਾਵੇ ਤਾਂ ਛੋਟੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਨੂੰ ਉਪਲੱਬਧ ਸਰਕਾਰੀ ਬੱਸ ਸੇਵਾ ਤਾਂ ਬਿਲਕੁਲ ਹੀ ਨਿਗੂਣੀ ਠਹਿਰਦੀ ਹੈ।

ਪੰਜਾਬ ਦੇ ਹੀ ਅੰਕੜਿਆਂ ਮੁਤਾਬਕ ਅਪ੍ਰੈਲ 2021 ਵਿੱਚ ਕਰੀਬ 61.18 ਲੱਖ ਔਰਤਾਂ ਨੇ ਬੱਸ ਸੇਵਾ ਦੀ ਵਰਤੋਂ ਕੀਤੀ ਸੀ ਤੇ ਨਵੰਬਰ 2022 ਤੱਕ ਇਹ ਅੰਕੜਾ ਵਧਕੇ ਦੁੱਗਣਾ ਹੋ ਗਿਆ ਸੀ। ਔਰਤਾਂ ਦਾ ਘਰਾਂ ਤੋਂ ਬਾਹਰ ਵਧਿਆ ਆਵਾਗੌਣ ਅਗਾਂਹਵਧੂ ਵਰਤਾਰਾ ਹੈ। ਅਜਿਹੇ ਕਦਮ ਸਮਾਜ ਦੀ ਤਰੱਕੀ ਲਈ ਬੇਹੱਦ ਜਰੂਰੀ ਕਦਮ ਹਨ ਜਿਹਨਾਂ ਬਿਨਾਂ ਸਭ ਨੂੰ ਬਰਾਬਰ ਮੌਕਿਆਂ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ। ਮੁੰਬਈ ਦੀ ਸਰਕਾਰੀ ਬੱਸ ਸੇਵਾ 'ਬੈਸਟ' ਦਾ ਅਧਿਐਨ ਵੀ ਐਥੇ ਪ੍ਰਸੰਗਿਕ ਹੈ ਜਿਸ ਨੇ ਔਰਤਾਂ ਨੂੰ ਕਾਲਜਾਂ, ਕੰਮਾਂ-ਕਾਰਾਂ ਆਦਿ 'ਤੇ ਆਉਣ-ਜਾਣ ਦੀ ਸਹੂਲਤ ਮੁਹੱਈਆ ਕਰਾਈ ਸੀ।ਸਮਾਜਿਕ ਤਾਣੇ-ਬਾਣੇ ਵਿੱਚ ਬੇਹੱਦ ਚੰਗੀ ਭੂਮਿਕਾ ਨਿਭਾਈ ਸੀ। ਔਰਤਾਂ ਲਈ ਮੁਫਤ ਬੱਸ ਸਫਰ ਦੇ ਵਿਰੋਧ ਵਿੱਚ ਦਿੱਤੀ ਜਾਂਦੀ ਦਲੀਲ ਮੂਲੋਂ ਹੀ ਗਲਤ ਹੈ। ਨਾ ਸਿਰਫ ਮੁਫਤ ਬੱਸ ਸਫਰ ਦੀ ਸਹੂਲਤ ਦਾ ਘੇਰਾ ਵਧਾਇਆ ਜਾਣਾ ਚਾਹੀਦਾ ਹੈ ਸਗੋਂ ਸਰਕਾਰੀ ਟਰਾਂਸਪੋਰਟ ਦਾ ਘੇਰਾ ਵੀ ਅੱਜ ਦੇ ਪੱਧਰ ਨਾਲ਼ੋਂ ਬਹੁਤ ਵਧਾਉਣ ਦੀ ਲੋੜ ਹੈ। ਇਹ ਨਾ ਸਿਰਫ ਆਮ ਲੋਕਾਂ ਨੂੰ ਵੱਡੀ ਰਾਹਤ ਹੋਵੇਗੀ ਸਗੋਂ ਇਸ ਦੇ ਪੰਜਾਬ ਦੇ ਵਾਤਾਵਰਣ ਲਈ ਵੀ ਚੰਗੇ ਨਤੀਜੇ ਨਿੱਕਲਣਗੇ। ਤੇ ਅਜਿਹਾ ਬਿਨਾਂ ਸਰਕਾਰੀ ਖਜਾਨੇ 'ਤੇ ਬੋਝ ਪਾਏ ਅਸਾਨੀ ਨਾਲ਼ ਕੀਤਾ ਜਾ ਸਕਦਾ ਹੈ।

# ਸਰੀਰਕ ਨਿਰਮਾਣ ਵਿੱਚ ਵਿਟਾਮਿਨ ਬੀ ਦੀ ਅਹਿਮ ਭੂਮਿਕਾ

ਵਿਟਾਮਿਨ ਬੀ ਕੰਪਲੈਕਸ ਪਾਣੀ ਵਿੱਚ ਘੁਲਣਸ਼ੀਲ ਅੱਠ ਤਰ੍ਹਾਂ ਦੇ ਬੀ ਵਿਟਾਮਿਨਾਂ ਦਾ ਸਮੂਹ ਹੈ ਜੋ ਸਰੀਰਕ ਕਿਰਿਆਵਾਂ ਅਤੇ ਸਰੀਰਕ ਨਿਰਮਾਣ ਤੋਂ ਇਲਾਵਾ ਅਨੇਕਾਂ ਤਰ੍ਹਾਂ ਦੀਆਂ ਜੈਵਿਕ ਢਾਹ ਉਸਾਰੂ ਕਿਰਿਆਵਾਂ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵਿਟਾਮਿਨ ਬੀ-1 (ਥਾਈਮਿਨ) ਦੀ ਘਾਟ ਜ਼ਿਆਦਾ ਸ਼ਰਾਬ ਪੀਣ ਅਤੇ ਵਧੇਰੇ ਪਿਸ਼ਾਬ ਲਿਆਉਣ ਲਈ ਵਰਤੀ ਜਾਂਦੀ ਦਵਾਈ 'ਡਾਈਯੂਰੈਟਿਕਸ' ਲੈਣ ਕਾਰਨ ਹੋ ਸਕਦੀ ਹੈ। ਇਸਦੀ ਲੋੜ ਸਰੀਰਕ ਵਾਧ, ਸੈੱਲਾਂ ਦੇ ਕੰਮਕਾਜ ਅਤੇ ਭੋਜਨ ਤੋਂ ਊਰਜਾ ਪ੍ਰਾਪਤ ਕਰਨ ਲਈ ਹੁੰਦੀ ਹੈ। ਇਸ ਦੀ ਕਮੀ ਦੇ ਲੱਛਣ ਹਨ ਭੁੱਖ ਘੱਟਣਾ, ਥਕਾਵਟ, ਚਿੜਚਿੜਾਪਣ, ਬੇਰੀ-ਬੇਰੀ ਰੋਗ ਲੱਗਣਾ (ਜਿਸ ਵਿੱਚ ਲੱਤਾਂ ਵਿੱਚ ਸੋਜਾਂ ਪੈਣਾ, ਸਰੀਰਕ ਕੰਮ ਕਰਦਿਆਂ ਸਾਹ ਚੜ੍ਹਨਾ, ਅਧਰੰਗ, ਬੋਲਣ ਵਿੱਚ ਤਕਲੀਫ਼, ਹੱਥਾਂ-ਪੈਰਾਂ ਵਿੱਚ ਸੂਈਆਂ ਚੁੱਭਣਾ ਅਤੇ ਦਿਮਾਗੀ ਉਲਝਣ ਜਾਂ ਬਦਹਵਾਸੀਆਦਿ),ਉਲਟੀ ਆਉਣਾ ਅਤੇ ਧੁੰਦਲਾ ਨਜ਼ਰ ਆਉਣਾ ਆਦਿ।

ਇਹ ਵਿਟਾਮਿਨ ਸਾਬਤ ਅਨਾਜ,ਫਲੀਆਂ, ਤਾਜ਼ੀ ਸਬਜ਼ੀਆਂ, ਹਰੇ ਮਟਰਾਂ, ਸੂਰਜਮੁਖੀ ਦੇ ਬੀਜਾਂ, ਬਰਾਉਣ ਰਾਈਸ (ਭੂਰੇ ਚੌਲਾਂ), ਮੱਛੀ, ਬਦਾਮ, ਅਖ਼ਰੋਟ ਅਤੇ ਨਾਰੀਅਲ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-2 (ਰਾਈਬੋਫਲੇਵਿਨ) ਦੀ ਘਾਟ ਨਾਲ ਬੁੱਲ੍ਹ ਸੁੱਕਣਾ, ਖੂਨ ਦੀ ਕਮੀ, ਜ਼ੁਬਾਨ ਦਾ ਸੁੱਜਣਾ, ਅੱਖਾਂ ਵਿੱਚ ਲਾਲੀ ਆਉਣਾ ਅਤੇ ਖਾਰਿਸ਼ ਹੋਣਾ ਅਤੇ ਚਮੜੀ 'ਤੇ ਧੱਫੜ ਪੈਣਾ ਆਦਿ ਲੱਛਣ ਪੈਦਾ ਹੋ ਸਕਦੇ ਹਨ।

ਇਹ ਵਿਟਾਮਿਨ ਸਾਨੂੰ ਅੰਡਿਆਂ, ਦੁੱਧ, ਪਨੀਰ, ਚਿਕਨ, ਬਦਾਮ ਅਤੇ ਪਾਲਕ ਤੋਂ ਪ੍ਰਾਪਤ ਹੁੰਦਾ ਹੈ। ਵਿਟਾਮਿਨ ਬੀ-3(ਨਿਆਸਿਨ) ਊਰਜਾ ਪੈਦਾ ਕਰਦਾ ਅਤੇ ਸਰੀਰਕ ਸੈੱਲਾਂ ਦੀ ਮੁਰੰਮਤ ਕਰਦਾ ਹੈ।

ਅਸ਼ਵਨੀ ਚਤਰਥ
6284220595

ਇਸ ਦੀ ਕਮੀ ਨਾਲ ਸਿਰ ਪੀੜ, ਸਰੀਰਕ ਥਕਾਵਟ, ਯਾਦਦਾਸ਼ਤ ਘੱਟਣਾ ਅਤੇ ਉਦਾਸੀ ਹੋ ਸਕਦੀ ਹੈ। ਇਹ ਵਿਟਾਮਿਨ ਫਲੀਆਂ, ਮੱਛੀ, ਕੇਲੇ, ਮੀਟ, ਅੰਡੇ, ਬਦਾਮ ਅਤੇ ਅਖਰੋਟ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-5 (ਪੈਂਟੋਥੇਨਿਕ ਐਸਿਡ) ਦਾ ਕੰਮ ਹੈ ਸਰੀਰਕ ਢਾਹ-ਉਸਾਰੂ ਕਿਰਿਆਵਾਂ ਕਰਨਾ, ਚਰਬੀ ਕਣਾਂ ਦਾ ਨਿਰਮਾਣ ਕਰਨਾ ਅਤੇ ਕੋਲੈਸਟ੍ਰੋਲ ਨੂੰ ਘੱਟ ਕਰਨਾ। ਇਸ ਦੀ ਘਾਟ ਦੇ ਲੱਛਣ ਹਨ ਪੱਠਿਆਂ ਵਿੱਚ ਅਕੜਣ, ਹੱਥਾਂ-ਪੈਰਾਂ ਦਾ ਸੁੰਨ ਹੋਣਾ, ਚਿੜਚਿੜਾਪਣ, ਥਕਾਵਟ, ਉਲਟੀ ਆਉਣਾ ਅਤੇ ਸਿਰਦਰਦ ਆਦਿ। ਇਹ ਸਾਨੂੰ ਚਿਕਨ, ਖੁੰਭਾਂ, ਬਦਾਮ, ਅਖਰੋਟ, ਦੁੱਧ, ਅੰਡਿਆਂ ਅਤੇ ਬਰੋਕਲੀ ਤੋਂ ਮਿਲ ਸਕਦਾ ਹੈ। ਵਿਟਾਮਿਨ ਬੀ-6 (ਪਾਇਰੀਡਾਕਸਿਨ) ਦਿਮਾਗੀ ਤੰਦਰੁਸਤੀ, ਰੋਗ ਰੋਕੂ ਸਮਰੱਥਾ ਦੇ ਕੰਮਾਂ, ਚਰਬੀ ਅਤੇ ਪ੍ਰੋਟੀਨ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਵਿੱਚ ਸਹਾਇਕ ਹੁੰਦਾ ਹੈ। ਇਸ ਦੀ ਕਮੀ ਨਾਲ ਉਦਾਸੀ, ਰੋਗ ਰਹਿਤਤਾ ਵਿੱਚ ਕਮੀ, ਖੂਨ ਦੀ ਕਮੀ ਅਤੇ ਚਮੜੀ ਦੀਆਂ ਸਮੱਸਿਆਵਾਂ ਜਿਹੇ ਲੱਛਣ ਪੈਦਾ ਹੋ ਸਕਦੇ ਹਨ। ਇਹ ਸਾਨੂੰ ਕੇਲੇ, ਪਪੀਤਾ, ਸੰਤਰਾ, ਸਾਗ, ਪਾਲਕ, ਅੰਡੇ, ਮੀਟ ਅਤੇ ਤਾਜ਼ੇ ਫ਼ਲ ਸਬਜ਼ੀਆਂ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-7 (ਬਾਇਓਟਿਨ) ਭੋਜਨ ਦੇ ਅੰਸ਼ਾਂ ਨੂੰ ਤੋੜ ਕੇ ਊਰਜਾ ਪ੍ਰਦਾਨ ਕਰਵਾਉਣ ਅਤੇ ਸਰੀਰਕ ਅੰਗਾਂ ਦੇ ਵੱਖ-ਵੱਖ ਸਨੇਹਿਆਂ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੁੰਦਾ ਹੈ। ਇਸ ਦੀ ਘਾਟ ਨਾਲ ਵਾਲ ਪਤਲੇ ਹੋ ਜਾਂਦੇ ਹਨ, ਅੱਖਾਂ, ਨੱਕ ਅਤੇ ਮੂੰਹ ਦੀ ਚਮੜੀ ਦੁਆਲੇ ਧੱਫੜ ਪੈ ਸਕਦੇ ਹਨ, ਨਹੁੰਆਂ ਦਾ ਲਚਕੀਲਾਪਣ ਖਤਮ ਹੋਣਾ ਜਿਹੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਵਿਟਾਮਿਨ ਬੀ-7 ਸਾਨੂੰ ਖੁੰਭਾਂ, ਗੋਭੀ, ਪਾਲਕ, ਬਦਾਮ, ਬਰੋਕਲੀ, ਮੂੰਗਫਲੀ, ਟਮਾਟਰ, ਕੇਲੇ, ਅੰਡੇ ਅਤੇ ਸ਼ੱਕਰਕੰਦੀ ਤੋਂ ਹਾਸਿਲ ਹੋ ਸਕਦਾ ਹੈ। ਵਿਟਾਮਿਨ ਬੀ-9 (ਫ਼ੋਲਿਕ ਐਸਿਡ) ਗਰਭਵਤੀ ਮਹਿਲਾਵਾਂ, ਬੱਚਿਆਂ ਦੇ ਵਾਧੇ, ਖੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਪ੍ਰੋਟੀਨ ਦੀ ਢਾਹ ਉਸਾਰੂ ਕਿਰਿਆਵਾਂ ਲਈ ਲੋੜੀਂਦਾ ਹੈ। ਇਸ ਦੀ ਘਾਟ ਨਾਲ ਖੂਨ ਦੀ ਕਮੀ, ਥਕਾਵਟ, ਵਾਲਾਂ ਦਾ ਝੜਨਾ, ਚਮੜੀ ਦਾ ਪੀਲਾ ਪੈਣਾ ਅਤੇ ਸਾਹ ਲੈਣ ਵਿੱਚ ਤਕਲੀਫ਼ ਜਿਹੇ ਲੱਛਣ ਹੋ ਸਕਦੇ ਹਨ। ਫਾਲਿਕ ਐਸਿਡ ਸਾਨੂੰ ਅੰਡੇ, ਤਾਜ਼ੇ ਫਲਾਂ, ਫਲੀਆਂ, ਮੂੰਗਫਲੀ, ਸਾਬਤ ਅਨਾਜ ਅਤੇ ਸਮੁੰਦਰੀ ਭੋਜਨ ਤੋਂ ਪ੍ਰਾਪਤ ਹੋ ਸਕਦਾ ਹੈ। ਵਿਟਾਮਿਨ ਬੀ-12 (ਕੋਬਲਾਮਿਨ) ਲਹੂ ਬਣਾਉਣ, ਪ੍ਰੋਟੀਨ ਨੂੰ ਪਚਾਉਣ ਅਤੇ ਦਿਮਾਗ ਦੇ ਸਹੀ ਤਰੀਕੇ ਨਾਲ ਕੰਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਘਾਟ ਨਾਲ ਉਦਾਸੀ ਹੋਣੀ, ਯਾਦਦਾਸ਼ਤ ਘਟਣਾ, ਹੱਥਾਂ-ਪੈਰਾਂ ਦਾ ਸੌਣਾ, ਕਮਜ਼ੋਰੀ, ਥਕਾਵਟ ਅਤੇ ਮਾਨਸਿਕ ਹਫੜਾ-ਦਫੜੀ ਜਿਹੇ ਲੱਛਣ ਸਾਹਮਣੇ ਆ ਸਕਦੇ ਹਨ। ਇਹ ਵਿਟਾਮਿਨ ਸਾਨੂੰ ਅੰਡਿਆਂ, ਪਨੀਰ, ਦੁੱਧ, ਚਿਕਨ, ਮੱਛੀ, ਸੋਇਆ ਮਿਲਕ, ਖੁੰਭਾਂ ਅਤੇ ਮੀਟ ਆਦਿ ਤੋਂ ਪ੍ਰਾਪਤ ਹੋ ਸਕਦਾ ਹੈ।

# ਪ੍ਰੀਤ ਫੁਲਵਾੜੀ

## ਸਉਣ ਮਹੀਨਾ

ਸਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ।
ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ,
ਨਣਦਾਂ ਤੇ ਭਰਜਾਈਆਂ।
ਹਾਸਾ-ਠੱਠਾ ਕਰਦੀਆਂ ਮਿਲ ਕੇ,
ਦਿੰਦੀਆਂ ਖ਼ੂਬ ਵਧਾਈਆਂ।
ਖ਼ੁਸ਼ੀ ਵੱਸੇ ਇਹ ਨਗਰ-ਖੇੜਾ,
ਜਿਸ ਵਿੱਛੜੀਆਂ ਆਣ ਮਿਲਾਈਆਂ।
ਰੰਗ-ਬਰੰਗੇ ਘੱਗਰੇ ਪਾਏ,
ਦੇਵੇ ਰੂਪ ਦੁਹਾਈਆਂ।
ਉੱਚੀ-ਉੱਚੀ ਪਾਉਣ ਬੋਲੀਆਂ,
ਅੰਬਰ-ਘਟਾਵਾਂ ਛਾਈਆਂ।
ਆ ਕੇ ਮਿਲ ਜਾ ਹਾਣ ਦਿਆ ਵੇ,
ਅੱਖੀਆਂ ਨੇ ਤ੍ਰਿਹਾਈਆਂ।
ਯਾਦ ਤੇਰੀ ਵਿੱਚ ਦੀਦੇ ਛਲਕਣ,
ਸਹਿ ਨਾ ਸਕਾਂ ਜੁਦਾਈਆਂ।
ਚਾਰੇ ਪਾਸੇ ਢੂੰਡਾਂ, ਜਿਸ ਨਾਲ,
ਵਿੱਚ ਜਵਾਨੀ ਲਾਈਆਂ।
ਬਿਨ ਤੇਰੇ ਤੋਂ ਸਾਰੀਆਂ ਘੜੀਆਂ,
ਬ੍ਰਿਹਾ ਵਿੱਚ ਬਿਤਾਈਆਂ।
ਦਿਲ ਮੇਰੇ 'ਚੋਂ ਛੱਲਾਂ ਉੱਠਣ,
ਕਿਉਂ ਸੀ ਅੱਖੀਆਂ ਲਾਈਆਂ।
ਕਰਕੇ ਚੇਤੇ ਓਸ ਸਮੇਂ ਨੂੰ,
ਅੱਖਾਂ ਨੇ ਭਰ ਆਈਆਂ।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

## ਲ.ਫਜ਼ਾਂ ਦੀ ਦਰਗਾਹ

ਸ਼ਬਦ ਹੀ ਮੇਰੀ ਮੰਜ਼ਿਲ ਨੇ, ਤੇ ਏਹੋ ਮੇਰੀ ਰਾਹ।
ਇਸ ਰਸਤੇ ਤੇ ਚੱਲ ਕੇ ਪਹੁੰਚਾਂ, ਲ.ਫਜ਼ਾਂ ਦੀ ਦਰਗਾਹ।
ਲ.ਫਜ਼ਾਂ ਵਿੱਚ ਹੈ ਜੀਵਨ ਵੱਸਦਾ, ਚਲਦੇ ਮੇਰੇ ਸਾਹ।
ਚੰਗੇ ਸ਼ਬਦ ਜੇ ਮੂੰਹੋਂ ਨਿਕਲਣ, ਲੋਕੀਂ ਆਖਣ ਵਾਹ!
ਲ.ਫਜ਼ਾਂ ਦਾ ਮਾਲਕ ਹੁੰਦਾ ਹੈ, ਸ਼ਾਹਾਂ ਦਾ ਵੀ ਸ਼ਾਹ।
ਲ.ਫਜ਼ ਹੀ ਕਰਨ ਹਿਫ਼ਾਜ਼ਤ ਸਾਡੀ, ਇਹ ਕਰਦੇ ਪ੍ਰਵਾਹ।
ਲ.ਫਜ਼ਾਂ ਦੇ ਸਹਾਰੇ ਲਏ ਨੇ, ਟੋਏ ਟਿੱਬੇ ਗਾਹ।
ਲ.ਫਜ਼ਾਂ ਦਾ ਘਾੜਾ ਲੈ ਸਕਦਾ, ਕਿਸੇ ਵੀ ਥਾਂ ਪਨਾਹ।
ਲ.ਫਜ਼ ਜੇ ਹੋਣ ਅਕੀਦੇ ਵਾਲੇ, ਮਿਲ ਜਾਂਦਾ ਹੈ ਖ਼ੁਦਾ।
ਲ.ਫਜ਼ਾਂ ਵਿੱਚ ਹੈ ਸ਼ਕਤੀ ਏਨੀ, ਮੋਏ ਦੇਣ ਜਿਵਾ।
ਆਓ ਸਾਰੇ ਕਰੋ ਆਰਤੀ, ਲਈਏ ਮਨੀਂ ਵਸਾ।
ਅਕਲਾਂ ਵਾਲੇ, ਲ.ਫਜ਼ਾਂ ਵਾਲੇ, ਸੁੱਤੇ ਨੂੰ ਦੇਣ ਜਗਾ।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**

## ਕੀ ਤੂੰ ਕਰਨਾ

ਦੁੱਖ ਸੁੱਖ ਤਾਂ ਆਉਂਦੇਂ ਰਹਿੰਦੇ
ਜਿਵੇਂ ਰਾਤ ਤੋਂ ਬਾਦ ਦਿਨ ਵੀ ਚੜਨਾ
ਖੁੱਸੀ ਖੁੱਸੀ ਜਿੰਦਗੀ ਜੀ ਲੈ ਜਾਰਾ
ਕੀ ਫਾਇਦਾ, ਐਵੇਂ ਕਿਸੇ ਨਾਲ ਲੜਨਾ
ਜਝਾਰੂ ਸੋਚ, ਨੇਕੀ ਤੇ ਕਰਮ ਤੇਰੇ
ਸਿਮਰਨ ਨਾਲ ਹੀ ਜਿੰਦ ਨੇ ਤਰਨਾ
ਕੂੜ੍ਹ ਕਮਾਦੇਂ ਫਿਰਦੇ ਜਿਹੜੇ
ਸਭ ਕੁਝ ਪੈਦਾਂ ਏਥੇ ਹੀ ਭਰਨਾ
ਘਰ ਵਿੱਚ ਤੇਰੇ ਦੋ ਪੂਜਣਹਾਰੇ
ਛੱਡ ਦੇ ਦਰ ਦਰ ਮੱਥੇ ਧਰਨਾ
ਜਨਮਹਾਰੇ ਜੇ ਰੁੱਲ ਗਏ ਸਾਡੇ
ਫਿਰ ਐਸੇ ਜਨਮ ਦਾ ਕੀ ਤੂੰ ਕਰਨਾ
ਸੰਧੂ ਕਲਾਂ ਫਿਰੇ ਐਵੇ ਪੀਰ ਧਿਉਦਾਂ
ਕਰਮ, ਸੇਵਾ ਤੇਰੇ ਸੰਗ ਹੈ ਖੜਨਾ

**ਜੋਗਿੰਦਰ ਸਿੰਘ ਸੰਧੂ ਕਲਾਂ (ਬਰਨਾਲਾ)**

## ਬੋਲੀਆਂ

ਮਾੜੇ ਦਿਨ ਕੀ ਸਾਡੇ 'ਤੇ ਆਏ
ਯਾਰਾਂ ਨੇ ਬੁਲਾਣਾ ਛੱਡ 'ਤਾ।
ਸਾਡਾ ਦੇਸ਼ ਖੁਸ਼ਹਾਲ ਹੋ ਜਾਂਦਾ
ਜੇ ਇੱਥੇ ਮੁੰਡੇ ਚੱਜ ਨਾਲ ਕੰਮ ਕਰਦੇ।
ਬਾਬਿਆਂ ਨੇ ਇਹ ਮੰਗਤੇ ਬਣਾ ਦੇਣੇ
ਜੇ ਨਾ ਸੋਝੀ ਆਈ ਲੋਕਾਂ ਨੂੰ।
ਨੂੰਹ ਸੱਸ ਦੀ ਗੱਲ ਨਾ ਮੰਨੇ
ਬਾਬੇ ਦਾ ਕਿਹਾ ਝੱਟ ਮੰਨ ਜਾਏ।
ਸੱਸ-ਸਹੁਰੇ ਨੂੰ ਮਾਂ-ਬਾਪ ਮੰਨੀਂ
ਨੂੰਹੇਂ, ਜੇ ਤੂੰ ਸੁਖੀ ਵੱਸਣਾ।
ਸਾਰੇ ਕਹਿਣ ਮਾਇਆ ਹੱਥਾਂ ਦੀ ਮੈਲ
ਪਰ ਛੱਡੇ ਇਸ ਨੂੰ ਕੋਈ ਬਿਨਾਂ।
ਦੋ ਘੰਟੇ ਹੀ ਮੀਂਹ ਪਿਆ ਚੱਜ ਨਾਲ
ਹਰ ਪਾਸੇ ਪਾਣੀ, ਪਾਣੀ ਹੋ ਗਿਆ।
ਸੱਚ ਸੁਣਨ ਦਾ ਵੀ ਹੌਸਲਾ ਰੱਖ
ਝੂਠ ਤਾਂ ਸੁਣੇ ਬਥੇਰਾ ਕੋਲ ਹੋ ਕੇ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਕਾਲੀਆਂ ਘਟਾਵਾਂ

ਕਾਲੀਆਂ ਘਟਾਵਾਂ ਗਈਆਂ
ਛਾਅ ਬੱਚਿਓ,
ਸਾਉਣ ਦਾ ਮਹੀਨਾ ਗਿਆ
ਆ ਬੱਚਿਓ।
ਹਰ ਪਾਸੇ ਵੇਖੋ ਹਰਿਆਲੀ
ਛਾਈ ਆ,
ਹੁੰਦੀ ਜਿਵੇਂ ਹਰੀ ਚਾਦਰ
ਵਿਛਾਈ ਆ।
ਕੁਦਰਤ ਰਹੀ ਨਸ਼ਿਆ
ਬੱਚਿਓ,
ਕਾਲੀਆਂ ਘਟਾਵਾਂ,,,,,,,,,,,
ਮੋਰ ਕਿਵੇਂ ਬਾਗਾ ਵਿੱਚ ਪੈਹਲਾਂ
ਪਾਉਂਦੇ ਨੇ,
ਰੁੱਖਾਂ ਉੱਤੇ ਬੈਠ ਪੰਛੀ ਗੀਤ
ਗਾਉਂਦੇ ਨੇ।
ਮਿੱਠੀ ਸੁਰ ਕੋਇਲ ਰਹੀ ਲਾ
ਬੱਚਿਓ,
ਕਾਲੀਆਂ ਘਟਾਵਾਂ,,,,,,,,
ਲੱਗਦੇ ਨੇ ਮੇਲੇ ਰੁੱਤ ਹੈ
ਤਿਉਹਾਰਾਂ ਦੀ,
ਮੀਂਹ ਵਿੱਚੋਂ ਆਉਂਦੀਆਂ ਠੰਡੀਆਂ
ਫੁਹਾਰਾ ਦੀ।
ਹੋਏ ਹਰੇ, ਗਏ ਸੀ ਜੋ ਕੁਮਲਾ
ਬੱਚਿਓ।
ਕਾਲੀਆਂ ਘਟਾਵਾਂ,,,,,,,,,,,
ਬੱਚਿਓ ਰੁੱਤ ਇਹ ਨਵੇਂ ਬੂਟੇ
ਲਾਉਣ ਦੀ,
ਲੋੜ ਨਹੀਂ ਪੈਂਦੀ ਬਹੁਤਾ ਪਾਣੀ
ਪਾਉਣ ਦੀ।
ਇੱਕ ਇੱਕ ਬੂਟਾ ਦਿਉਂ ਲਾ
ਬੱਚਿਓ,
ਕਾਲੀਆਂ ਘਟਾਵਾਂ,,,,,,,,,,
ਗਰਮੀ ਤੋਂ ਹੁਣ ਕੁਝ ਰਾਹਤ
ਪਾਵਾਂਗੇ,
ਪੱਤੋ, ਪਿੰਡ ਵਿੱਚ ਖੁਸ਼ੀਆਂ
ਮਨਾਵਾਂਗੇ।
ਆਪਾਂ ਨੱਚਾਂਗੇ ਢੋਲ ਵਜਾ
ਬੱਚਿਓ।
ਕਾਲੀਆਂ ਘਟਾਵਾਂ ਗਈਆਂ ਛਾਅ
ਬੱਚਿਓ,
ਸਾਉਣ ਦਾ ਮਹੀਨਾ ਗਿਆ
ਆ ਬੱਚਿਓ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਪਾਣੀ ਦੀ ਸੰਭਾਲ

ਸਮਾਂ ਰਹਿੰਦਿਆਂ ਜੇਕਰ ਆਪਾਂ, ਕਦਰ ਨਾ ਇਸਦੀ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਵਰਤੋਂ ਸੰਜਮ ਦੇ ਨਾਲ ਕਰੀਏ, ਤੁਬਕਾ-ਤੁਬਕਾ ਬਾਲਟੀ ਭਰੀਏ
ਸੁਲਝਣੀ ਮੁਸ਼ਕਲ ਹੋ ਜਾਣੀ ਹੈ, ਉਲਝ ਗਈ ਜੇ ਤਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਪਾਣੀ ਨਾਲ ਪਛਾਣ ਪੰਜਾਬ ਦੀ, ਪਾਣੀ ਦੇ ਨਾਲ ਸ਼ਾਨ ਪੰਜਾਬ ਦੀ
ਸ਼ਾਨ ਬਚਾਈਏ, ਪਛਾਣ ਬਚਾਈਏ, ਬਣੀਏ ਸਮੇਂ ਦੇ ਹਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਪਾਣੀ ਸਾਡਾ ਅੰਮ੍ਰਿਤ ਵਰਗਾ, ਬਿਨ ਸ਼ਰਬਤ ਤੋਂ ਸ਼ਰਬਤ ਵਰਗਾ
ਪਾਣੀ ਨੂੰ ਦਰਜ ਪਿਤਾ ਦਾ, ਦਿੱਤਾ ਹੈ ਵਿੱਚ ਬਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਖੇਤੀ ਨਾ ਫਿਰ ਫ਼ਸਲਾਂ ਰਹਿਣੀਆਂ, ਪਾਣੀ ਬਿਨ ਨਾ ਨਸਲਾਂ ਰਹਿਣੀਆਂ
ਸੁੱਕ ਜਾਣੀਆਂ ਨਦੀਆਂ-ਨਹਿਰਾਂ, ਧਰਤ ਬੰਜਰ ਹੋ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਝਨਾਅ, ਜੇਹਲਮ ਤੇ ਰਾਵੀ, ਸਤਲੁਜ ਅਤੇ ਬਿਆਸ
ਸਦੀਆਂ ਤੋਂ ਮਿਟਾਉਂਦੇ, ਆ ਰਹੇ ਨੇ ਸਾਡੀ ਪਿਆਸ
ਪਾਣੀ ਬਚਾਉਣਾ ਹੈ ਹਰ ਹੀਲੇ, ਮਨ 'ਚ ਚੀਮੇ ਹੈ ਠਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ
ਸਮਾਂ ਰਹਿੰਦਿਆਂ ਜੇਕਰ ਆਪਾਂ, ਕਦਰ ਨਾ ਇਸਦੀ ਜਾਣੀ
ਮੁੱਕਦੇ-ਮੁੱਕਦੇ ਮੁੱਕ ਜਾਣਾ ਹੈ, ਆਖਰ ਇੱਕ ਦਿਨ ਪਾਣੀ

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ ਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

## ਹੱਕ ਕਿਸਾਨਾਂ ਦੇ

ਕਿਸਾਨਾਂ ਨੂੰ ਬਚਾਇਆ ਜਾਵੇ,
ਫਸਲਾਂ ਦਾ ਮੁੱਲ ਪਵਾਇਆ ਜਾਵੇ।
ਕਈ ਵਾਰੀ ਉੱਠ ਕੇ ਰਾਤਾਂ ਨੂੰ,
ਖੇਤਾਂ ਨੂੰ ਪਾਣੀ ਲਾਉਂਦੇ ਨੇ
ਤੂੰ ਹਾਲ ਤਾਂ ਪੁੱਛ ਕੇ ਦੇਖ ਕਦੇ,
ਉਹ ਸੁੱਖ ਦੀ ਨੀਂਦ ਨਾ ਸੌਂਦੇ ਨੇ।
ਉਹ ਪਰਦੇ ਠੰਡੀਆਂ ਰਾਤਾਂ ਵਿੱਚ,
ਪਿੰਡੇ ਤੇ ਨਾਲੇ ਹੰਢਾਉਂਦੇ ਧੁੱਪਾਂ ਨੇ।
ਬੇਮੌਸਮਾ ਮੀਂਹ ਜਦ ਪੈ ਜਾਵੇ,
ਤਾਂ ਕਿਸਾਨਾਂ ਪੱਲੇ ਦੁੱਖ ਪੈ ਜਾਵੇ।
ਦੁੱਖ ਕਿੰਨੀ ਵਾਰੀ ਦੁਖੀ ਕਰਦੇ ਨੇ।
ਪੁੱਛਦੈ ਬੇਦਰਦ ਤੂਫਾਨਾਂ ਨੂੰ,
ਤੂੰ ਫਸਲਾਂ ਦਾ ਮੁੱਲ ਪਾਉਣਾ ਕੀ ?
ਤੂੰ ਮੂੰਹ ਚੋਂ ਰੋਟੀ ਖੋਹਣ ਲੱਗੀ,
ਅੱਜ ਖੋਹ ਕੇ ਹੱਕ ਕਿਸਾਨਾਂ ਦੇ,
ਹੋਰਾਂ ਦੀ ਝੋਲੀ ਪਾਉਣ ਲੱਗੀ।
ਕਿਸਾਨਾਂ ਦੇ ਹੱਕ ਬਚਾਏ ਜਾਣ,
ਤਿੰਨੇ ਬਿੱਲ ਰੱਦ ਕਰਵਾਏ ਜਾਣ।

**ਰਾਣੀ ਰਜਿੰਦਰ**

## ਗੀਤ

ਮੈਂ ਨਈ ਆਉਣਾ ਅੱਧੀ ਰਾਤ ਨੂੰ
ਅੱਗ ਲੱਗੇ ਤੇਰੀ ਬਰਸਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਵੇਖਾਂਗੀ ਲਾ ਕੇ ਅੰਦਾਜ਼ੇ।
ਆ ਜਾਊਂ ਫਿਰ ਢੋਹ ਕੇ ਦਰਵਾਜ਼ੇ।
ਚੜ ਜਾਊ ਸੂਰਜ ਪ੍ਰਭਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਮੌਸਮ ਵੀ ਅੱਜ ਦਿਲਜਾਨੀਆਂ।
ਕਰਦਾ ਹੈ ਕਿੰਝ ਬੇਈਮਾਨੀਆਂ।
ਦੇਰੀ ਲਾਵੇਂਗਾ ਗਲਬਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਲੋਕਾਂ ਦੀਆਂ ਨਜ਼ਰਾਂ ਮਾੜੀਆਂ।
ਹੱਸ-ਹੱਸ ਮਾਰਨ ਵੇ ਤਾੜੀਆਂ।
ਫੇਰ ਕਿਤੇ ਦੇਵੀਂ ਸੌਗਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਕਾਹਲੀਆਂ ਦੇ ਵਿਚ ਬਰਬਾਦੀਆਂ।
ਮੁੱਕ ਜਾਣੀਆਂ ਫਿਰ ਆਜ਼ਾਦੀਆਂ।
ਵੱਸ ਕਰਕੇ ਤੂੰ ਰੱਖ ਜਜ਼ਬਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਆਖੀਂ ਮੇਰੇ ਵਲ ਤੱਕੇ ਨਾ।
ਨਜ਼ਰਾਂ ਉਹ ਭੈੜੀਆਂ ਰੱਖੇ ਨਾ।
ਬੱਦਲਾਂ 'ਚ ਚੰਨ ਵਾਲੀ ਝਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।
ਤੇਰੇ ਉੱਤੋਂ ਦਿਲ ਕੁਰਬਾਨ ਵੇ।
ਬਾਲਮ ਮੰਗੇ ਦੇਵਾਂ ਜਾਨ ਵੇ।
ਖੰਭ ਲੱਗਣ ਨਾ ਫਿਰ ਔਕਾਤ ਨੂੰ।
ਮੈਂ ਨਈ ਆਉਣਾ ਅੱਧੀ ਰਾਤ ਨੂੰ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਓਕਾਂਰ ਨਗਰ ਗੁਰਦਾਸਪੁਰ (ਪੰਜਾਬ)**
**9815625409**

## ਤੇਰੀ ਇਬਾਬਤ

ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ਤੇਰੀ ਬੰਦਗੀ ਬਣਜਾਂ
ਨਾ ਮਿਲ ਹੋਣਾ ਨਾ ਤੈਨੂੰ ਪਾ ਹੋਣਾ
ਉਹ ਭੁੱਖ ਰੂਹ ਨੂੰ ਬਸ ਜਿਉਣ ਲਈ,
ਤੇਰੀ ਜਿੰਦਗੀ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ......
ਤੂੰ ਬਣ ਜਾਵੇਂ ਜਿੰਦਗੀ ਮੇਰੀ
ਦੁੱਖ ਆਪਣੇ ਤੇ ਝੱਲ ਹਾਸੇ ਤੇਰੀ ਝੋਲੀ ਪਾਵਾਂ
ਰਹਾਂ ਖੁਸ਼ ਬਸ ਤੇਰਾ ਮੁੱਖ ਤੱਕ ਕੇ
ਮੈਂ ਬਸ ਤੇਰੇ ਜਿਉਣ ਦੀ ਵਜ੍ਹਾ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ.......
ਦਰਦਾਂ ਦੀ ਪੀੜ ਤੇਰੀ ਤਨ ਮੇਰੇ ਲੱਗੇ
ਹੋਵੇ ਨਾ ਅਹਿਸਾਸ ਰਤਾ ਭਰ ਤੈਨੂ
ਰੂਹ ਨੂੰ ਬਸ ਤੇਰੀ ਰੂਹ ਦੇ ਨਾਂ ਕਰ ਜਾਵਾਂ
ਤੇਰੇ ਤਨ ਨੂੰ ਬਚਾਉਣ ਲਈ ਮੈਂ
ਤੇਰੀ ਢਾਲ ਬਣ ਜਾਵਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ........
ਰਿਸ਼ਤੇ ਦੀ ਡੋਰ ਸਾਡੀ ਏਦਾਂ ਬਣ ਜਾਵੇ
ਮੈਂ ਰੁੱਖ ਤੇ ਤੂੰ ਮੇਰੀ ਠੰਡੀ ਛਾਂ ਬਣਜੇਂ
ਪਿਆਸੇ ਖੂਹ ਨੂੰ ਜੋਂ ਰਾਹੀ ਜਾਂਦਾ ਭੱਜਕੇ
ਮੈਂ ਤੇਰੇ ਬੋਲਾਂ ਦੀ ਉਹ ਪਿਆਸ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ........
ਜਨਮਾਂ ਤੋਂ ਜਿਵੇਂ ਭਟਕ ਰਹੇ ਆਂ
ਤੂੰ ਮੰਜਿਲ ਤੇ ਮੈਂ ਰਾਹ ਬਣਜਾਂ
'ਰਾਵੀ' ਤੇਰੀਆਂ ਇਬਾਬਤਾ ਲਈ
ਰਹਿੰਦੇ ਸਾਹਾਂ ਦਾ ਹੱਕਦਾਰ ਬਣਜਾਂ
ਕਦੇ ਕਦੇ ਮੇਰਾ ਦਿਲ ਕਰਦਾ
ਤੂੰ ਰੱਬ ਤੇ ਮੈਂ ਤੇਰੀ ਬੰਦਗੀ ਬਣਜਾਂ

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ।**

## ਆ ਗਿਆ ਏ ਸਾਉਣ

ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤਾਂ ਸਾਗਰਾਂ ਤੋਂ ਪਾਰ,ਗਿਓਂ ਕਾਗਜ਼ ਕਮਾਉਣ
ਆ ਗਿਆ ਏ ਸਾਉਣ ..
ਇਹ ਸਾਉਣ ਕਾਹਦਾ ਆਇਆ, ਤੇਰੀ ਯਾਦ ਨੇ ਸਤਾਇਆ
ਚੰਨਾ ਪ੍ਰਦੇਸ ਜਾ ਕੇ, ਖਤ ਇੱਕ ਵੀ ਨਾ ਪਾਇਆ
ਹਰ ਰੋਜ਼ ਹੀ ਆਉਂਦੇ, ਚੰਨਾ ਹੋਰਾਂ ਨੂੰ ਤਾਂ ਫੋਨ
ਆ ਗਿਆ ਏ ਸਾਉਣ ..
ਰੁੱਖਾਂ ਬਦਲੇ ਨੇ ਰੰਗ, ਉੱਠੇ ਦਿਲ 'ਚੋਂ ਤਰੰਗ
ਓਦੋਂ ਮੱਲੋਮੱਲੀ ਮੇਰਾ, ਚਿਹਰਾ ਹੋ ਜਾਏ ਝਰੰਗ
ਜਦੋਂ ਬਾਰ ?ਸ਼ ਦੇ ਪਿੱਛੋਂ, ਵਗੇ ਠੰਡੀ-ਮਿੱਠੀ ਪੌਣ
ਆ ਗਿਆ ਏ ਸਾਉਣ .
ਪੰਛੀ ਕਰਦੇ ਕਲੋਲਾਂ, ਬਾਗੀਂ ਕੂਕਦੀਆਂ ਕੋਇਲਾਂ
ਵੇ ਮੈਂ ਦਿਲ ਵਾਲੇ ਭੇਦ, ਦੱਸ ਕੀਹਦੇ ਕੋਲ ਖੋਹਲਾਂ
ਲੈਣ ਲੱਗੈਂ ਇਮਤਿਹਾਨ, ਮੈਨੂੰ ਲੱਗੈਂ ਅਜਮਾਉਣ
ਆ ਗਿਆ ਏ ਸਾਉਣ .
ਹੋ ਭਲੂਰੀਆ ਤੂੰ ਸ਼ਾਇਰ, ਇਹ ਕੀ ਕਰੀ ਜਾਨੈਂ ਕਹਿਰ
ਆਪੇ ਆਖਦਾ ਸੀ ਹੁੰਦਾ, ਸੋਹਣੇ ਸੱਜਣਾਂ ਬਗੈਰ
ਰਹਿ ਕੇ ਸੱਜਣਾਂ ਤੋਂ ਦੂਰ, ਕਾਹਦਾ ਜੱਗ 'ਤੇ ਜਿਉਣ
ਆ ਗਿਆ ਏ ਸਾਉਣ .
ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤੇ ਸਾਗਰਾਂ ਤੋਂ ਪਾਰ, ਗਿਓਂ ਡਾਲਰ ਕਮਾਉਣ
ਆ ਗਿਆ ਏ ਸਾਉਣ ..

**ਜਸਵੀਰ ਸਿੰਘ ਭਲੂਰੀਆ**
**ਸਰੀ, ਕੈਨੇਡਾ**
**ਸੰਪ: +91-99159-95505**

## ਗੀਤ

-'ਸ਼ਾਹੀ' ਤੇ 'ਸਹੋਤੇ' ਕੱਢਦੇ ਨਾ ਗਾਲ ਜੀ,
'ਸੋਹੀ' ਨਈਂਓ ਛਕਦੇ ਪਰਾਇਆ ਮਾਲ ਜੀ।
'ਸਿੱਧੂ', 'ਸੰਧੂ' ਸੌਦਾ ਨਈਂਓ ਘੱਟ ਤੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਫੋਕੀਆਂ ਨ੍ਹੀ ਫੜਾਂ 'ਸੇਖੋਂ', 'ਸੰਘੇ' ਮਾਰਦੇ,
'ਪੰਨੂੰ' ਨਈਂਓ ਪਿੰਜਰੇ 'ਚ ਪੰਛੀ ਤਾੜਦੇ।
'ਔਲਖ' ਨ੍ਹੀ ਪੌਣਾਂ ਵਿੱਚ ਜ਼ਹਿਰਾ ਘੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
'ਕਲੇਰ' ਤੇ 'ਕੁਲਾਰ' ਹੁੰਦੇ ਸਾਫ ਦਿੱਲ ਦੇ,
'ਗਿੱਲਾਂ' ਵਿੱਚ ਬਹੁਤੇ ਨ੍ਹੀ ਔਗੁਣ ਮਿਲਦੇ।
ਘਰ ਦਾ ਨ੍ਹੀ ਭੇਤ 'ਸੋਹਲ' ਬਾਹਰ ਖੋਲ੍ਹਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਝੂਠੀ ਪ੍ਰਸੰਸਾ ਨਈਂ 'ਸੰਘੇੜੇ' ਕਰਦੇ,
'ਬੈਂਸ' ਅਤੇ 'ਬਾਸੀ' ਨ੍ਹੀ ਕਿਸੇ ਤੋਂ ਡਰਦੇ।
ਇੱਜ਼ਤ ਬੇਗਾਨੀ ਨ੍ਹੀ 'ਬਰਾੜ' ਰੋਲਦੇ,
'ਬੜੈਚ', 'ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਹੱਸ ਕੇ ਬੁਲਾਉਣ 'ਕੰਗ', 'ਦੰਦੀਵਾਲ' ਜੀ,
ਨਰਮ ਸੁਭਾਅ ਦੇ ਹੁੰਦੇ 'ਪੁਰੇਵਾਲ' ਜੀ।
ਦੁੱਖ ਦੀ ਘੜੀ 'ਚ ਨਈਂਓ 'ਮਾਨ' ਡੋਲਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
'ਸਰਾਂ' ਸਰਬੱਤ ਦਾ ਹੀ ਭਲਾ ਮੰਗਦੇ,
'ਗਰੇਵਾਲ','ਚਹਿਲ' ਨ੍ਹੀ ਕਿਸੇ ਤੋਂ ਸੰਗਦੇ।
ਨਈਂ ਗੋਗੜਾ ਵਧਾਉਂਦੇ 'ਭੰਗੂ' ਵਾਂਗ ਢੋਲ ਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।
ਚੰਗਾ-ਮੰਦਾ 'ਰਾਓ' ਨ੍ਹੀ ਕਿਸੇ ਨੂੰ ਆਖਦੇ,
'ਰਾਏ' ਹੁੰਦੇ ਅੰਦਰੋਂ ਵਾਂਗ ਦਾਖ ਦੇ।
'ਖੋਸੇ','ਬੱਲ' ਕਿਸੇ ਦਾ ਨ੍ਹੀ ਖੀਸਾ ਫੋਲਦੇ,
'ਬੜੈਚ','ਬਾਠ' ਕਿਸੇ ਨੂੰ ਨ੍ਹੀ ਮੰਦਾ ਬੋਲਦੇ।

**-ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 263

Website: www.preetnama.com Email preetnamausa@gmail.com

26 JULY TO 01 AUGUST, 2024



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.




**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**

No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com